MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan

SATNAM SAROYA
MORTGAGE SPECIALIST
HOMEKEY
604.760.9172
# 384-8148 128 St., Surrey
6303 Fraser St., Vancouver



ਕੈਨੇਡਾ
# ਪੰਜਾਬ ਲਿੰਕ

WEEKLY NEWSPAPER VOL. : 10 ISSUE : 06 SATURDAY, 5 FEBRUARY, 2022
www.punjablinkpaper.com 604-503-5465



Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ

ਜਸਵੀਰ ਗਰੇਵਾਲ
778.317.6262
jasvirgrewal0596@gmail.com


# ਕੰਸਰਵੇਟਿਵ ਆਗੂ ਐਰਿਨ ਓਟੂਲ ਵੱਲੋਂ ਅਸਤੀਫਾ

## ਪਾਰਟੀ ਮੈਂਬਰਾਂ ਵਲੋਂ ਬੇਭਰੋਸਗੀ ਮਤਾ ਪਾਸ ਕਰਨ ਉਪਰੰਤ ਲਿਆ ਫੈਸਲਾ



ਓਟਵਾ-ਕੰਸਰਵੇਟਿਵ ਦੇ ਬਹੁਗਿਣਤੀ ਮੈਂਬਰਾਂ ਵਲੋਂ ਬੇਭਰੋਸਗੀ ਮਤਾ ਪਾਸ ਕਰਨ ਉਪਰੰਤ ਐਰਿਨ ਓਟੂਲ ਨੇ ਕੰਸਰਵੇਟਿਵ ਪਾਰਟੀ ਦੇ ਨੇਤਾ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ ਪਰ ਉਹ ਓਨਟਾਰੀਓ ਦੇ ਡਰਹਮ ਹਲਕੇ ਤੋਂ ਪਾਰਲੀਮੈਂਟ ਮੈਂਬਰ ਵਜੋਂ ਸੇਵਾ ਨਿਭਾਉਂਦੇ ਰਹਿਣਗੇ। ਬੁੱਧਵਾਰ ਨੂੰ ਹੋਈ ਗੁਪਤ ਵੋਟਿੰਗ ਵਿਚ ਕੌਕਸ ਦੇ ਬਹੁਗਿਣਤੀ ਮੈਂਬਰਾਂ ਨੇ ਓਟੂਲ ਨੂੰ ਅਹੁਦੇ ਤੋਂ ਹਟਾਉਣ ਦੇ ਪੱਖ ਵਿਚ ਵੋਟ ਦਿੱਤਾ। ਇਕ ਫ਼ੈਸਲਾਕੁੰਨ ਬਗਾਵਤ ਵਿਚ ਸਵੇਰ ਸਮੇਂ ਹੋਈ ਵਰਚੂਅਲ ਮੀਟਿੰਗ ਵਿਚ 118 ਵੋਟ ਪਾਏ ਗਏ ਜਿਨ੍ਹਾਂ ਵਿਚੋਂ 73 ਨੇ ਓਟੂਲ ਨੂੰ ਹਟਾਉਣ ਦੇ ਪੱਖ ਵਿਚ ਦਿੱਤਾ ਜਦਕਿ 45 ਨੇ ਉਸ ਦੀ ਲੀਡਰਸ਼ਿਪ ਦੀ ਹਮਾਇਤ ਕੀਤੀ। 119 ਮੈਂਬਰੀ ਕੌਕਸ ਦੇ ਚੇਅਰ ਸਕੌਟ ਰੀਡ ਨੇ ਕਿਹਾ ਕਿ ਉਨ੍ਹਾਂ ਨੇ ਵੋਟ ਨਹੀਂ ਪਾਈ। ਇਸ ਵੋਟਿੰਗ ਪਿੱਛੋਂ ਓਟੂਲ ਨੇ ਤੁਰੰਤ ਪ੍ਰਭਾਵ ਨਾਲ ਪਾਰਟੀ ਨੂੰ ਆਪਣਾ ਰਸਮੀ ਅਸਤੀਫਾ ਸੌਂਪ ਦਿੱਤਾ। ਵੀਡੀਓ ਰਾਹੀਂ ਜਾਰੀ ਕੀਤੇ ਇਕ ਬਿਆਨ ਵਿਚ ਓਟੂਲ ਨੇ ਕਿਹਾ ਕਿ ਸਾਡੀ ਪਾਰਟੀ ਨੇ ਇਸ ਮਹਾਨ ਰਾਸ਼ਟਰ ਦੀ ਸਥਾਪਨਾ ਕੀਤੀ ਹੈ। ਮੇਰਾ ਮੰਨਣਾ ਕਿ ਇਹ ਸਾਡੇ ਦੇਸ਼ ਨੂੰ ਇਨ੍ਹਾਂ ਮੁਸ਼ਕਿਲ ਭਰੇ ਸਮਿਆਂ ਵਿਚੋਂ ਬਾਹਰ ਕੱਢ ਸਕਦੀ ਹੈ ਅਤੇ ਇਸ ਨੂੰ ਅਗਵਾਈ ਕਰਨੀ ਚਾਹੀਦੀ ਹੈ। ਉਹ ਡਰਹਮ ਦੇ ਲੋਕਾਂ ਦਾ ਧੰਨਵਾਦ ਕਰਨਾ ਚਾਹੁੰਦਾ ਹੈ ਜਿਨ੍ਹਾਂ ਦੀ ਉਹ ਮੈਂਬਰ ਆਫ ਪਾਰਲੀਮੈਂਟ ਵਜੋਂ ਸੇਵਾ ਜਾਰੀ ਰੱਖੇਗਾ। ਉਸ ਨੇ ਆਪਣੀ ਪਤਨੀ ਰੇਬੇਕਾ ਤੇ ਬੱਚਿਆਂ ਮੋਲੀ ਤੇ ਜੈਕ ਦਾ ਵੀ ਧੰਨਵਾਦ ਕੀਤਾ। ਇਸ ਹਫ਼ਤੇ ਦੇ ਸ਼ੁਰੂ ਵਿਚ ਇਕ ਤਿਹਾਈ ਕੌਕਸ ਮੈਂਬਰ ਨੇ ਲੀਡਰਸ਼ਿਪ ਸਮੀਖਿਆ ਲਈ ਦਬਾਅ ਪਾਉਣ ਵਾਸਤੇ ਇਕ ਪੱਤਰ 'ਤੇ ਦਸਤਖ਼ਤ ਕੀਤੇ ਸਨ ਅਤੇ ਪਾਰਟੀ ਇਨਸਾਈਡਰਜ਼ ਦਾ ਕਹਿਣਾ ਕਿ ਇਹ ਓਟੂਲ ਦੀ ਕਾਰਗੁਜ਼ਾਰੀ ਨਾਲ ਵਿਆਪਕ ਅਸੰਤੁਸ਼ਟੀ ਦਾ ਪ੍ਰਗਟਾਵਾ ਹੈ। ਰਿਫਾਰਮ ਐਕਟ ਦੀਆਂ ਤਾਕਤਾਂ ਤਹਿਤ ਓਟੂਲ ਨੂੰ ਅਹੁਦੇ 'ਤੇ ਟਿਕੇ ਰਹਿਣ ਲਈ 50 ਫ਼ੀਸਦੀ ਵੋਟਾਂ ਦੀ ਲੋੜ ਸੀ ਜਿਨ੍ਹਾਂ ਨੂੰ ਉਹ ਪ੍ਰਾਪਤ ਕਰਨ ਵਿਚ ਅਸਫਲ ਰਹੇ। ਨਿਊ ਬਰੰਸਵਿਕ ਐਮਪੀ ਜੌਹਨ ਵਿਲੀਅਮਸਨ ਨੇ ਨਤੀਜੇ ਜਨਤਕ ਹੋਣ ਤੋਂ ਕੁਝ ਸੈਕਿੰਡ ਬਾਅਦ ਹੀ ਟਵੀਟ ਕਰਕੇ ਦੱਸਿਆ ਕਿ ਉਹ ਅੰਤਰਿਮ ਨੇਤਾ ਬਣਨ ਦੀ ਦੌੜ ਵਿਚ ਸ਼ਾਮਿਲ ਹਨ। ਨਿਊ ਬਰੰਸਵਿਕ ਤੋਂ ਇਕ ਹੋਰ ਐਮਪੀ ਰੌਬ ਮੂਰ ਨੇ ਵੀ ਆਪਣਾ ਨਾਂਅ ਪੇਸ਼ ਕੀਤਾ ਹੈ। ਉਸ ਨੇ ਇਕ ਬਿਆਨ ਵਿਚ ਕਿਹਾ ਕਿ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਦੇ ਅਹੁਦਾ ਛੱਡਣ ਪਿੱਛੋਂ ਪਾਰਟੀ ਨੂੰ ਸਮਝਦਾਰ, ਤਜਰਬੇਕਾਰ ਅਤੇ ਇਕ ਸਿਧਾਂਤਕ ਕੰਸਰਵੇਟਿਵ ਨੇਤਾ ਦੀ ਲੋੜ ਹੈ।


For All Kind of Real Estate Needs
ਕਾਬਲੀਅਤ, ਤਜੁਰਬਾ ਅਤੇ ਸਮਜਦਾਰੀ...
ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੋਂਇਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions & Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

BALLOWAL MONEY EXCHANGE
#24 - 7711 128 St., Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
Sher Singh Grewal 778-723-6900
Jaskaran Singh 778-636-4086

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119 -12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Punjab Insurance Agency Inc.
ਸੁਪਰ ਵੀਜ਼ਾ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਡਿਸੇਬੀਲੀਟੀ ਇੰਸ਼ੋਰੈਂਸ
- ਟਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- RRSP & RESP
RASHMI AHUJA 604-603-1313 rashmi@punjabinsurance.ca
www.punjabinsurance.ca
SANDEEP AHUJA, CHS 604-996-6862 sandeepahuja@punjabinsurance.ca

Bank Turndown? Could be just what you need!
Quick Private Funds
- $10,000 to $1 Million in just 24 Hours
- Up to $5 Million Available
Call today to get started
SANJEEV KATYAL
604.767.5194
info@katyalmortgage.ca
invis
WWW.KATYALMORTGAGE.CA

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

MORTGAGE SPECIALIST!
Residential Construction, Commercial and Private Mortgages
- Pre - Approval available in 24 Hours
- rate hold - 120 days
- Bad credit also welcome
AMANDEEP DUGGAL
MORTGAGE BROKER
A Better Way
604-368-2030
604-227-9694
# 102-6321 King George Blvd, Surrey

TRANSource FREIGHTWAYS
*First Time
Pin to Pin
(ਯਾਰਡ ਤੋਂ ਯਾਰਡ)
ਕੰਮ ਲਈ Drivers & Owner Operators ਚਾਹੀਦੇ ਹਨ
ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ
SUKHBIR SINGH
604.525.0527 Ext. 112

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤੱਸਲੀਬਖ਼ਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਓ
Lakhvir Singh Grewal: 778-881-0002

S T & A Simpson, Thomas & Associates
TRIAL LAWYERS

CELEBRATING 50 YEARS
*"The name that you know and trust"*

"Simpson, Thomas & Associates are a legal dream team. No other law firm could have fought this claim as it takes a lot of resources to fight a case of this nature."
– Former client commenting on the Jago wedding tragedy

# B.C.'s Pioneering Law Firm for Motor Vehicle and Personal Injury Cases

For over 50 years Simpson, Thomas & Associates (formerly Simpson & Company) have been advocates for personal injury victims seeking justice.

A+ Rated BBB ACCREDITED BUSINESS

"Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved."
– B.Sekhon

Our history of successfully settling ICBC claims has garnered respect from our clients, and within the legal and rehabilitation communities in B.C.

- Brain Injury
- Paraplegia
- Quadriplegia
- Spinal Cord Injury

**Translation Services Available**
STA has support staff fluent in Punjabi, Hindi and Gujarati.

**Your Needs Come First**
If mobility is a challenge, we can come to you.


Adam Ueland
LAWYER

**Call Simpson, Thomas & Associates at 604-229-6448 to request a free initial legal consultation or fill out our online form on simpsonthomas.com**

We have offices in Vancouver, Surrey/Delta, Abbotsford* and Burnaby.*
*By appointment only

Caring. Compassionate. Community-Focussed.

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
WEEKLY NEWSPAPER VOL.: 10 ISSUE: 06 SATURDAY, 5 FEBRUARY, 2022
www.punjablinkpaper.com 604-503-5465

ਰੇਡੀਓ ਹੁਣ ਤੁਹਾਡੇ ਫੋਨ ਵਿੱਚ
Punjabi Link Radio
App Store · Google play
24 Hour Online Radio
ਪ੍ਰਭ ਕੀ ਬਾਣੀ
6.00am to 8:00am
ਕੁੱਝ ਖ਼ਬਰਾਂ ਕੁੱਝ ਗੀਤ
12:00pm to 2:00pm
B.C. Time Mon to Sat
Amarjit Singh
Surrey Studio: 778-564-5642
Office: 1-844-884-8840
www.punjabilinkradio.com

## ਈ.ਡੀ. ਵਲੋਂ ਮੁੱਖ ਮੰਤਰੀ ਚੰਨੀ ਦਾ ਭਾਣਜਾ ਹਨੀ ਗ੍ਰਿਫਤਾਰ

### ਰੇਤ ਮਾਫੀਆ ਨਾਲ ਸਬੰਧ ਤੇ ਮਨੀ ਲਾਂਡਰਿੰਗ ਦੇ ਦੋਸ਼ਾਂ ਹੇਠ ਪੁੱਛਗਿੱਛ



ਜਲੰਧਰ (ਦੇ. ਪ੍ਰ. ਬਿ.)-ਵਿਧਾਨ ਸਭਾ ਚੋਣਾਂ ਤੋਂ ਹਫ਼ਤਾ ਪਹਿਲਾਂ, ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਭਾਣਜੇ ਭੁਪਿੰਦਰ ਸਿੰਘ ਹਨੀ ਨੂੰ ਵੀਰਵਾਰ ਦੇਰ ਰਾਤ ਇਨਫੋਰਸਮੈਂਟ ਡਾਇਰੈਕਟੋਰੇਟ ਨੇ ਮਨੀ ਲਾਂਡਰਿੰਗ ਮਾਮਲੇ ਵਿੱਚ ਕਥਿਤ ਸ਼ਮੂਲੀਅਤ ਦੇ ਦੋਸ਼ਾਂ ਹੇਠ ਗ੍ਰਿਫ਼ਤਾਰ ਕਰ ਲਿਆ ਹੈ। ਇਹ ਗ੍ਰਿਫਤਾਰੀ 20 ਫਰਵਰੀ ਨੂੰ ਹੋਣ ਵਾਲੀ ਵੋਟਿੰਗ ਤੋਂ ਕੁਝ ਦਿਨ ਪਹਿਲਾਂ ਹੋਈ ਹੈ। ਗੈਰ-ਕਾਨੂੰਨੀ ਰੇਤ ਖਣਨ ਮਾਮਲੇ ਦੀ ਜਾਂਚ ਦੌਰਾਨ ਕੇਂਦਰੀ ਜਾਂਚ ਏਜੰਸੀ ਨੇ ਪਿਛਲੇ ਮਹੀਨੇ 10 ਕਰੋੜ ਰੁਪਏ ਬਰਾਮਦ ਕੀਤੇ ਸਨ, ਜਿਨ੍ਹਾਂ ਵਿੱਚੋਂ 8 ਕਰੋੜ ਰੁਪਏ ਹਨੀ ਨਾਲ ਜੁੜੇ ਟਿਕਾਣਿਆਂ ਤੋਂ ਮਿਲੇ ਸਨ। ਈਡੀ ਦੇ ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਹਨੀ ਨੂੰ ਈਡੀ ਦੇ ਜਲੰਧਰ ਸਥਿਤ ਦਫ਼ਤਰ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ ਜਿੱਥੇ ਉਸ ਨੂੰ ਪੁੱਛਗਿੱਛ ਲਈ ਬੁਲਾਇਆ ਗਿਆ ਸੀ। ਹਨੀ ਨੂੰ ਮਨੀ ਲਾਂਡਰਿੰਗ ਰੋਕੂ ਕਾਨੂੰਨ (ਪੀਐੱਮਐੱਲਏ) ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਹੈ। ਸੂਤਰਾਂ ਨੇ ਦਾਅਵਾ ਕੀਤਾ ਕਿ ਪੁੱਛ ਪੜਤਾਲ ਦੌਰਾਨ ਹਨੀ ਜਵਾਬ ਦੇਣ ਤੋਂ ਟਾਲਾ ਵੱਟ ਰਿਹਾ ਸੀ ਅਤੇ ਇਸ ਲਈ ਉਸ ਨੂੰ ਹਿਰਾਸਤ 'ਚ ਲੈ ਲਿਆ ਗਿਆ। ਈਡੀ ਸ਼ੁੱਕਰਵਾਰ ਨੂੰ ਹਨੀ ਨੂੰ ਮੁਹਾਲੀ ਦੀ ਵਿਸ਼ੇਸ਼ ਪੀਐੱਮਐੱਲਏ ਅਦਾਲਤ ਵਿੱਚ ਪੇਸ਼ ਕਰੇਗੀ ਅਤੇ ਉਸ ਦਾ ਰਿਮਾਂਡ ਮੰਗੇਗੀ। ਹਨੀ ਚੰਨੀ ਦੀ ਸਾਲੀ ਦਾ ਪੁੱਤ ਹੈ।

## ਕਿਸਾਨਾਂ ਨਾਲ ਵਿਸਾਹਘਾਤ ਕਰਨ ਵਾਲੀ ਭਾਜਪਾ ਨੂੰ ਚੋਣਾਂ 'ਚ ਸਜ਼ਾ ਦੇਣ ਦਾ ਹੋਕਾ

ਨਵੀਂ ਦਿੱਲੀ (ਮਨਧੀਰ ਸਿੰਘ ਦਿਓਲ)-ਸੰਯੁਕਤ ਕਿਸਾਨ ਮੋਰਚੇ ਨੇ ਬਕਾਇਆ ਕਿਸਾਨ ਮੰਗਾਂ ਨਾ ਮੰਨੇ ਜਾਣ ਦੇ ਰੋਸ ਵਜੋਂ ਉੱਤਰ ਪ੍ਰਦੇਸ਼ ਸਣੇ ਹੋਰ ਰਾਜਾਂ ਦੇ ਕਿਸਾਨਾਂ ਨੂੰ ਅਗਾਮੀ ਚੋਣਾਂ ਵਿੱਚ ਭਾਜਪਾ ਨੂੰ ਸਜ਼ਾ ਦੇਣ ਦਾ ਹੋਕਾ ਦਿੱਤਾ ਹੈ। ਮੋਰਚੇ ਨੇ ਦਿੱਲੀ ਦੇ ਪ੍ਰੈੱਸ ਕਲੱਬ ਆਫ਼ ਇੰਡੀਆ ਵਿੱਚ ਕੀਤੀ ਪੱਤਰਕਾਰ ਮਿਲਣੀ ਦੌਰਾਨ ਉੱਤਰ ਪ੍ਰਦੇਸ਼ ਤੇ ਉੱਤਰਾਖੰਡ ਦੇ ਕਿਸਾਨ ਵੋਟਰਾਂ ਦੇ ਨਾਂ ਇੱਕ ਬੇਨਤੀ ਪੱਤਰ ਵੀ ਜਾਰੀ ਕੀਤਾ। ਇਸ ਪੱਤਰ ਨੂੰ ਲੱਖਾਂ ਦੀ ਗਿਣਤੀ ਵਿੱਚ ਪਰਚਿਆਂ ਦੀ ਸ਼ਕਲ 'ਚ ਯੂਪੀ ਦੇ ਲੋਕਾਂ ਤੱਕ ਪਹੁੰਚਾਇਆ ਜਾਵੇਗਾ। ਮੋਰਚੇ ਵੱਲੋਂ ਆਉਂਦੇ ਦਿਨਾਂ ਵਿੱਚ ਯੂਪੀ ਦੇ ਮੇਰਠ, ਝਾਂਸੀ, ਗੋਰਖਪੁਰ, ਕਾਨਪੁਰ, ਸਿਧਾਰਥਨਗਰ, ਲਖਨਊ, ਬਨਾਰਸ, ਮੁਰਾਦਾਬਾਦ ਤੇ ਅਲਾਹਾਬਾਦ ਵਿੱਚ ਪ੍ਰੈੱਸ ਕਾਨਫਰੰਸਾਂ ਕਰ ਕੇ ਮੋਦੀ ਸਰਕਾਰ ਦੀ ਕਿਸਾਨਾਂ ਨਾਲ ਵਾਅਦਾਖ਼ਿਲਾਫ਼ੀ ਦਾ ਭਾਂਡਾ ਭੰਨਦੇ ਹੋਏ ਪਰਚੇ ਵੰਡੇ ਜਾਣਗੇ। ਕਿਸਾਨ ਆਗੂ ਹਨਨ ਮੌਲਾ ਨੇ ਕਿਹਾ ਕਿ ਉੱਤਰ ਪ੍ਰਦੇਸ਼ ਦੀਆਂ 57 ਕਿਸਾਨ ਯੂਨੀਅਨਾਂ ਨੇ ਕਿਸਾਨ ਵਿਰੋਧੀ ਭਾਜਪਾ ਨੂੰ ਸਜ਼ਾ ਦੇਣ ਦੇ ਫ਼ੈਸਲੇ ਨੂੰ ਸਹਿਮਤੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਤਿਹਾਸਕ ਕਿਸਾਨ ਅੰਦੋਲਨ ਨੂੰ ਮੁਅੱਤਲ ਕਰਨ ਵੇਲੇ ਕੇਂਦਰ ਸਰਕਾਰ ਨੇ ਜੋ ਵਾਅਦੇ ਕੀਤੇ ਸਨ, ਉਹ ਪੂਰੇ ਨਹੀਂ ਕੀਤੇ। ਹੁਣ ਕਿਸਾਨਾਂ ਦੀਆਂ ਛੋਟੀਆਂ-ਛੋਟੀਆਂ ਮੀਟਿੰਗਾਂ ਕੀਤੀਆਂ ਜਾਣਗੀਆਂ। ਬੀਕੇਯੂ ਦੇ ਮੁੱਖ ਬੁਲਾਰੇ ਰਾਕੇਸ਼ ਟਿਕੈਤ ਨੇ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕਿ ਬਜਟ ਤੋਂ ਕਿਸਾਨਾਂ ਨੂੰ ਉਮੀਦ ਸੀ, ਪਰ ਐੱਮ ਐੱਸ ਪੀ ਉਪਰ ਜਿਣਸਾਂ ਨਹੀਂ ਵਿਕਦੀਆਂ। ਸਾਰਿਆਂ ਤੋਂ ਇਹੀ ਸਵਾਲ ਪੁੱਛਿਆ ਜਾਵੇਗਾ ਕਿ ਉਨ੍ਹਾਂ ਕਿਸਾਨਾਂ ਲਈ ਕੀ ਕੀਤਾ ਹੈ। ਪਰਚੇ ਵਾਲੇ ਸਵਾਲ ਵੋਟ ਮੰਗਣ ਵਾਲਿਆਂ ਤੋਂ ਪੁੱਛੇ ਜਾਣਗੇ। ਟਿਕੈਤ ਮੁਤਾਬਕ ਜਵਾਬਾਂ ਦੇ ਆਧਾਰ 'ਤੇ ਵੋਟਰ ਫ਼ੈਸਲਾ ਕਰਨਗੇ ਕਿ ਕਿਸ ਨੂੰ ਵੋਟ ਪਾਉਣੀ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਯੂਪੀ ਵਿੱਚ 14 ਦਿਨਾਂ 'ਚ ਗੰਨੇ ਦੀ ਅਦਾਇਗੀ ਦਾ



ਦਾਅਵਾ ਕਰਦੇ ਹਨ, ਪਰ ਅਦਾਇਗੀ 13 ਮਹੀਨਿਆਂ ਵਿੱਚ ਹੁੰਦੀ ਹੈ। ਉਨ੍ਹਾਂ ਕਿਹਾ ਕਰਜ਼ਾ ਮੁਆਫ਼ੀ ਦੇ ਦਾਅਵਿਆਂ ਨੂੰ ਖਾਰਜ ਕੀਤਾ। ਇਸ ਤੋਂ ਪਹਿਲਾਂ ਉਨ੍ਹਾਂ ਟਵਿੱਟਰ 'ਤੇ ਕਿਹਾ ਕਿ ਇਨ੍ਹਾਂ ਚੋਣਾਂ ਦੌਰਾਨ ਕਿਸਾਨ ਵਿਰੋਧੀ ਭਾਜਪਾ ਨੂੰ ਸਜ਼ਾ ਦਿਓ। ਟਿਕੈਤ ਨੇ ਟਵਿੱਟਰ 'ਤੇ ਪਾਏ ਖੁੱਲ੍ਹੇ ਪੱਤਰ 'ਚ ਖੇਤੀ ਕਾਨੂੰਨਾਂ ਤੇ ਲਖੀਮਪੁਰ ਖੀਰੀ ਕਾਂਡ ਦਾ ਜ਼ਿਕਰ ਕਰਦਿਆਂ ਕਿਹਾ, "ਸਾਡੇ ਕਿਸਾਨਾਂ ਦਾ ਅਪਮਾਨ ਕਰਨ ਵਾਲੀ ਭਾਜਪਾ ਨੂੰ ਸਬਕ ਸਿਖਾਉਣ ਲਈ ਅੱਜ ਮੈਨੂੰ ਤੁਹਾਡੀ ਮਦਦ ਦੀ ਲੋੜ ਹੈ। ਕਿਸਾਨ ਆਗੂ ਡਾ. ਦਰਸ਼ਨ ਪਾਲ ਨੇ ਕਿਹਾ, "ਅਸੀਂ ਲਖੀਮਪੁਰ ਖੀਰੀ ਕਾਂਡ ਤੋਂ ਬਾਅਦ ਉੱਤਰ ਪ੍ਰਦੇਸ਼ ਮਿਸ਼ਨ ਦੀ ਸ਼ੁਰੂਆਤ ਕੀਤੀ ਸੀ। ਮੋਰਚੇ ਦੇ ਮੁੱਦੇ ਅਜੇ ਬਕਾਇਆ ਹਨ, ਇਸ ਲਈ ਮਿਸ਼ਨ ਉੱਤਰ ਪ੍ਰਦੇਸ਼ ਜਾਰੀ ਰਹੇਗਾ।"

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC
EDUCATION ASSISTANT $8000 — WAGES:$24-$28 PER HOUR
HEALTH CARE ASSISTANT $5250 — WAGES:$17-$26.50 PER HOUR
PHARMACY ASSISTANT $5500 — WAGES:$19.61-$27.30 PER HOUR
CERTIFIED DENTAL ASSISTANT $14,000 — WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey — Unit 201-8318 120 St.
Abbotsford — Unit 201-3670 Townline Rd.
South Surrey — Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries A TRUSTED TRADITION
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

## 225 ਕਿਲੋਮੀਟਰ ਦੀ ਰਫਤਾਰ ਨਾਲ ਕਾਰ ਚਲਾ ਰਿਹਾ ਨੌਜਵਾਨ ਪੁਲਿਸ ਨੇ ਕੀਤਾ ਕਾਬੂ



ਸਰੀ, (ਹਰਦਮ ਮਾਨ)-ਉੱਤਰੀ ਵੈਨਕੂਵਰ ਆਰਸੀਐਮਪੀ ਨੇ ਇੱਕ 19 ਸਾਲਾ ਡਰਾਈਵਰ ਨੂੰ 225 ਕਿਲੋਮੀਟਰ ਪ੍ਰਤੀ ਘੰਟਾ ਦੀ ਰਫਤਾਰ ਨਾਲ ਕਾਰ ਚਲਾਉਂਦਿਆਂ ਫੜਿਆ ਹੈ ਜਦੋਂ ਕਿ ਉਸ ਰੋਡ ਉਪਰ ਵੱਧ ਤੋਂ ਵੱਧ 80 ਕਿਲੋਮੀਟਰ ਪ੍ਰਤੀ ਘੰਟਾ ਦੀ ਰਫਤਾਰ ਨਿਸ਼ਚਿਤ ਸੀ। ਪੁਲਿਸ ਨੇ ਵੈਸਟਵਿਊ ਨੇੜੇ ਹਾਈਵੇਅ ਦੇ ਅਪਰ ਲੈਵਲ 'ਤੇ ਰਾਡਾਰ ਦੀ ਮਦਦ ਨਾਲ ਇਸ ਡਰਾਈਵਰ ਨੂੰ ਫੜਿਆ। ਇਹ ਨੌਜਵਾਨ ਅਲਕੋਹਲ ਜਾਂਚ ਟੈਸਟ ਵਿੱਚ ਵੀ ਅਸਫਲ ਰਿਹਾ। ਪੁਲਿਸ ਨੇ ਉਸ ਦਾ ' ਡਰਾਈਵਰ ਲਾਇਸੈਂਸ 90 ਦਿਨਾਂ ਲਈ ਮੁਅੱਤਲ ਕਰ ਦਿੱਤਾ ਅਤੇ ਉਸ ਦੀ ਕਾਰ ਨੂੰ 30 ਦਿਨਾਂ ਲਈ ਜ਼ਬਤ ਵੀ ਕਰ ਲਿਆ ਗਿਆ ਹੈ। ਆਰਸੀਐਮਪੀ ਦੇ ਸਾਰਜੈਂਟ ਪੀਟਰ ਡੀਵਰਿਸ ਨੇ ਕਿਹਾ ਹੈ ਕਿ ਇਹ ਲਾਪਰਵਾਹੀ ਅਤੇ ਦੂਜੇ ਲੋਕਾਂ ਦੀ ਸੁਰੱਖਿਆ ਪ੍ਰਤੀ ਅਣਦੇਖੀ ਦੀ ਇੱਕ ਬਹੁਤ ਵੱਡੀ ਉਦਾਹਰਣ ਹੈ। ਭਾਵੇਂ ਪੁਲਿਸ ਨੇ ਇਹ ਨਹੀਂ ਦੱਸਿਆ ਕਿ ਡਰਾਈਵਰ ਦੇ ਸਿਸਟਮ ਵਿੱਚ ਕਿੰਨੀ ਸ਼ਰਾਬ ਸੀ ਪਰ ਬੀ ਸੀ ਕਾਨੂੰਨ ਦੇ ਤਹਿਤ, ' ਲਾਇਸੈਂਸ ਵਾਲੇ ਲੋਕਾਂ ਡਰਾਈਵਿੰਗ ਸਮੇਂ ਅਲਕੋਹਲ ਦਾ ਸੇਵਨ ਕਰਨ ਦੀ ਵੀ ਇਜਾਜ਼ਤ ਨਹੀਂ ਹੈ।




# ਓਟਵਾ 'ਚ ਵੈਕਸੀਨ ਵਿਰੋਧੀ ਪ੍ਰਦਰਸ਼ਨਕਾਰੀ ਡਟੇ-ਗਿਣਤੀ ਦੁਬਾਰਾ ਵਧਣ ਦੀ ਆਸ

ਓਟਵਾ-ਬਹੁਤੇ ਟਰੱਕਿੰਗ ਮੁਜ਼ਾਹਰਾਕਾਰੀ ਜਿਨ੍ਹਾਂ ਨੇ ਹਾਲ ਹੀ ਵਿਚ ਕੈਨੇਡਾ ਦੀ ਰਾਜਧਾਨੀ ਦੀਆਂ ਸੜਕਾਂ ਜਾਮ ਕਰ ਦਿੱਤੀਆਂ ਅਤੇ ਉੱਚੀ ਆਵਾਜ਼ ਵਿਚ ਸਥਾਨਕ ਲੋਕਾਂ ਨੂੰ ਪਰੇਸ਼ਾਨ ਕੀਤਾ ਸੀ ਵਿਚੋਂ ਬਹੁਤੇ ਚਲੇ ਗਏ ਹਨ ਪਰ ਬਾਕੀ ਅਜੇ ਵੀ ਡਟੇ ਹੋਏ ਹਨ। ਉਨ੍ਹਾਂ ਦੀ ਗਿਣਤੀ ਇਕ ਵਾਰ ਫਿਰ ਵਧਣ ਦੀ ਆਸ ਹੈ, ਸੰਭਵ ਹੈ ਕਿ ਵੀਕਐਂਡ ਵਿਚ ਇਹ ਹਜ਼ਾਰਾਂ ਦੀ ਗਿਣਤੀ ਵਿਚ ਪਹੁੰਚ ਜਾਵੇ ਅਤੇ ਅੰਦੋਲਨ ਦੇਸ਼ ਦੇ ਹੋਰ ਹਿੱਸਿਆਂ ਵਿਚ ਫੈਲ ਜਾਵੇ। ਓਟਵਾ ਦੇ ਡਿਪਟੀ ਪੁਲਿਸ ਚੀਫ ਟ੍ਰਿਸ਼ ਫਰਗੂਸਨ ਨੇ ਦੱਸਿਆ ਕਿ ਬਹੁਤੇ ਪ੍ਰਦਰਸ਼ਨਕਾਰੀ ਚਲੇ ਗਏ ਹਨ ਪਰ ਜਿਹੜੇ ਅਜੇ ਵੀ ਡਟੇ ਹੋਏ ਹਨ ਉਹ ਬਹੁਤ ਹੀ ਦ੍ਰਿੜ ਇਰਾਦੇ ਵਾਲੇ ਅਤੇ ਅਸਥਿਰ ਵਿਅਕਤੀਆਂ ਦਾ ਗੈਰਕਾਨੂੰਨੀ ਗਰੁੱਪ ਹੈ। ਪੁਲਿਸ ਦਾ ਅਨੁਮਾਨ ਹੈ ਕਿ ਵੀਕਐਂਡ ਵਿਚ ਕੋਵਿਡ-19 ਟੀਕਾਕਰਣ ਆਦੇਸ਼ ਤੇ ਦੂਸਰੇ ਜਨਤਕ ਸਿਹਤ ਉਪਾਵਾਂ ਦਾ ਵਿਰੋਧ ਕਰਨ ਵਾਲੇ 15000 ਰੋਸ ਪ੍ਰਦਰਸ਼ਨਕਾਰੀ ਓਟਵਾ ਦੇ ਡਾਊਨਟਾਊਨ ਵਿਚ ਇਕੱਤਰ ਹੋਏ ਸਨ ਜਿਸ ਨਾਲ ਸ਼ਹਿਰ ਪੂਰੇ ਤੌਰ 'ਤੇ ਜਾਮ ਹੋ ਗਿਆ ਸੀ। ਓਟਵਾ ਪੁਲਿਸ ਸਰਵਿਸ ਦੇ ਚੀਫ਼ ਪੀਟਰ ਸਲੋਲੀ ਨੇ ਪ੍ਰੈਸ ਕਾਨਫਰੰਸ ਵਿਚ ਮੁਜ਼ਾਹਰਾਕੀਰਆਂ ਨੂੰ ਗੈਰਕਾਨੂੰਨੀ ਦੱਸਦਿਆਂ ਚਿਤਾਵਨੀ ਦਿੱਤੀ ਕਿ ਉਨ੍ਹਾਂ ਦੀਆਂ ਕਾਰਵਾਈਆਂ ਦੇ ਨਤੀਜੇ ਸਾਹਮਣੇ ਆਉਣਗੇ। ਲੋਕਾਂ ਖਿਲਾਫ ਦੋਸ਼ ਲਗਾਏ ਜਾਣਗੇ, ਭਾਵੇਂ ਉਹ ਜਿਥੋਂ ਮਰਜ਼ੀ ਆਏ ਹੋਣ। ਸਲੋਲੀ ਨੇ ਦੱਸਿਆ ਕਿ ਟਰੱਕ ਡਰਾਈਵਰਾਂ ਦੇ ਕਾਫਲੇ ਵਿਚ ਅਮਰੀਕਾ ਦਾ ਇਕ ਵੱਡਾ ਧੜਾ ਸ਼ਾਮਿਲ ਸੀ ਅਤੇ ਹੋਰ ਪ੍ਰਦਰਸ਼ਨਕਾਰੀਆਂ ਦੇ ਆਉਣ ਦੀਆਂ ਯੋਜਨਾਵਾਂ ਹਨ। ਅਧਿਕਾਰੀਆਂ ਨੂੰ ਪ੍ਰਦਰਸ਼ਨਕਾਰੀਆਂ ਨੂੰ ਅਮਰੀਕਾ ਦੇ ਇਕ ਵੱਡੇ ਧੜੇ ਤੋਂ ਫੰਡ ਮਿਲਣ, ਪ੍ਰਦਰਸ਼ਨ ਦਾ ਪ੍ਰਬੰਧ ਕਰਨ ਤੇ ਪ੍ਰਦਰਸ਼ਨ ਵਿਚ ਸ਼ਮੂਲੀਅਤ ਕਰਨ ਬਾਰੇ ਪਤਾ ਹੈ। ਸਲੋਲੀ ਨੇ ਕਿਹਾ ਕਿ ਮੁਜ਼ਾਹਰਾ ਖਤਮ ਕਰਨ ਲਈ ਸਾਰੇ ਵਿਕਲਪ ਮੌਜੂਦ ਹਨ। ਸਮਝੌਤਾ ਗੱਲਬਾਤ ਤੋ ਲੈ ਕੇ ਜ਼ਬਰੀ ਹਟਾਉਣ ਤਕ। ਅਧਿਕਾਰੀ ਮੁਜ਼ਾਹਰਾਕਾਰੀਆਂ ਖਿਲਾਫ ਕਾਰਵਾਈ ਕਰਨ ਲਈ ਸਿਟੀ ਤੇ ਪੁਲਿਸ ਕਾਨੂੰਨੀ ਸੇਵਾਵਾਂ ਨਾਲ ਗੱਲਬਾਤ ਕਰ ਰਹੇ ਹਨ ਅਤੇ ਫ਼ੌਜ ਦੀ ਸ਼ਮੂਲੀਅਤ 'ਤੇ ਵੀ ਵਿਚਾਰ ਕੀਤੀ ਗਈ ਹੈ। ਮੁਜ਼ਾਹਰੇ ਦੇ ਸਬੰਧ ਵਿਚ ਤਿੰਨ ਵਿਅਕਤੀਆਂ 'ਤੇ ਦੋਸ਼ ਲਗਾਏ ਗਏ ਹਨ ਜਦਕਿ 25 ਮਾਮਲਿਆਂ ਦੀ ਜਾਂਚ ਜਾਰੀ ਹੈ। ਇਸੇ ਦੌਰਾਨ ਕਿਊਬਕ ਸਿਟੀ ਵਿਚ ਇਕ ਹੋਰ ਪ੍ਰਦਰਸ਼ਨ ਦੀ ਯੋਜਨਾ ਬਣਾਈ ਗਈ ਹੈ। ਉਧਰ ਕਈ ਅਮਰੀਕੀ ਹਸਤੀਆਂ ਜਿਨ੍ਹਾਂ ਵਿਚ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਤੇ ਉਦਮੀ ਐਲਨ ਮਸਕ ਸ਼ਾਮਿਲ ਹੈ ਨੇ ਟਵੀਟ ਕਰਕੇ ਮੁਜ਼ਾਹਰਾਕਾਰੀਆਂ ਦਾ ਸਮਰਥਨ ਕੀਤਾ ਹੈ।

## ਲਗਪਗ ਇਕ ਮਹੀਨੇ ਤੋਂ ਲਾਪਤਾ ਹੈ ਸਰੀ ਦੀ ਨੌਜਵਾਨ ਔਰਤ

ਸਰੀ-ਲਗਪਗ ਇਕ ਮਹੀਨਾ ਪਹਿਲਾਂ ਸਰੀ ਤੋਂ ਲਾਪਤਾ ਹੋਈ ਔਰਤ ਦਾ ਪਤਾ ਲਗਾਉਣ ਲਈ ਪੁਲਿਸ ਲੋਕਾਂ ਤੋਂ ਮਦਦ ਦੀ ਮੰਗ ਕਰ ਰਹੀ ਹੈ। ਪੁਲਿਸ ਨੇ ਦੱਸਿਆ ਕਿ ਹੈਲੀ ਮੈਕਲੇਲੈਂਡ 7 ਜਨਵਰੀ ਤੋਂ ਲਾਪਤਾ ਹੈ ਅਤੇ ਉਸ ਨੂੰ ਇਕ ਦਿਨ ਪਹਿਲਾਂ ਆਖਰੀ ਵਾਰ ਦੇਖਿਆ ਗਿਆ ਸੀ। ਉਸ ਦਿਨ ਉਸ ਨੂੰ 96 ਐਵੀਨਿਊ ਅਤੇ 151 ਸਟਰੀਟ ਨੇੜੇ ਰਾਤ 9 ਵਜੇ ਦੇਖਿਆ ਗਿਆ ਸੀ। ਪੁਲਿਸ ਨੇ ਇਹ ਨਹੀਂ ਦੱਸਿਆ ਕਿ 18 ਸਾਲਾ ਇਹ ਔਰਤ ਕਿਥੇ ਸੀ ਜਦੋਂ ਉਹ ਉਸ ਇਲਾਕੇ ਵਿਚ ਮੌਜੂਦ ਸੀ। ਇਹ ਮੁੱਖ ਤੌਰ 'ਤੇ ਰਿਹਾਇਸ਼ੀ ਇਲਾਕਾ ਹੈ। ਇਹ ਔਰਤ ਉਸ ਸਮੇਂ ਤੋਂ ਆਪਣੇ ਪਰਿਵਾਰ ਤੇ ਦੋਸਤਾਂ ਨਾਲ ਸੰਪਰਕ ਵਿਚ ਨਹੀਂ ਆਈ। ਉਸ ਦਾ ਥੋੜੇ ਸਮੇਂ ਲਈ ਪਰਿਵਾਰ ਨਾਲੋਂ ਸੰਪਰਕ ਵਿਚ ਨਾ ਹੋਣਾ ਕੋਈ ਅਸਾਧਾਰਨ ਗੱਲ ਨਹੀਂ ਪਰ ਇਹ ਲੰਬਾ ਸਮਾਂ ਚਿੰਤਾ ਵਾਲੀ ਗੱਲ ਹੈ।









## ਅਲਬਰਟਾ ਵਿਚ ਅਮਰੀਕੀ ਸਰਹੱਦ 'ਤੇ ਨਾਕੇਬੰਦੀ ਖ਼ਤਮ ਕਰਨ ਵਿਚ ਸਫਲਤਾ

ਐਡਮਿੰਟਨ-ਦੱਖਣੀ ਅਲਬਰਟਾ ਵਿਚ ਅਮਰੀਕੀ ਸਰਹੱਦ 'ਤੇ ਨਾਕਾਬੰਦੀ ਪ੍ਰਦਰਸ਼ਨ ਨੂੰ ਲੈ ਕੇ ਪਏ ਅੜਿੱਕੇ ਨੂੰ ਹੱਲ ਕਰਨ ਵਿਚ ਸਫਲਤਾ ਮਿਲੀ ਹੈ ਜਿਸ ਨਾਲ ਦੋਵੇਂ ਦਿਸ਼ਾਵਾਂ ਨੂੰ ਲੇਨਜ਼ ਖੁਲ੍ਹ ਗਈਆਂ ਹਨ। ਕਾਉਟਸ (ਅਲਬਰਟਾ) ਵਿਖੇ ਨਾਕੇਬੰਦੀ ਕਰਨ ਵਾਲੇ ਟਰੱਕ ਡਰਾਈਵਰਾਂ ਦੀ ਪ੍ਰਤੀਨਿਧਤਾ ਕਰਦੇ ਵਕੀਲ ਚੈਡ ਵਿਲੀਅਮਸਨ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਿਸ ਨਾਲ ਗੱਲਬਾਤ ਹੋਈ ਹੈ ਅਤੇ ਕੁਝ ਬੰਦ ਕੀਤੀਆਂ ਲੇਨਜ਼ ਨੂੰ ਖੋਲ੍ਹਣ ਲਈ ਸਹਿਮਤੀ ਬਣ ਗਈ ਹੈ। ਉਨ੍ਹਾਂ ਕਿਹਾ ਕਿ ਸਪਸ਼ਟ ਰੂਪ ਵਿਚ ਮੁਜ਼ਾਹਰਾਕਾਰੀ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦਾ ਸੁਨੇਹਾ ਸੁਣਿਆਂ ਗਿਆ ਹੈ। ਕੋਈ ਨਹੀਂ ਚਾਹੁੰਦਾ ਕਿ ਇਹ ਨਾਕੇਬੰਦੀ ਜਾਰੀ ਰਹੇ। ਦੋ ਲੇਨਜ਼ ਤੋਂ ਟਰੱਕ ਤੇ ਦੂਸਰੀਆਂ ਮੋਟਰ ਗੱਡੀਆਂ ਜਾਣੀਆਂ ਸ਼ੁਰੂ ਹੋ ਗਈਆਂ ਹਨ।

### ਪੁਲਿਸ ਮੌਕੇ 'ਤੇ ਮੌਜੂਦ

ਅਲਬਰਟਾ ਆਰਸੀਐਮਪੀ ਦੇ ਅਧਿਕਾਰੀ ਕੁਰਟਿਸ ਪੀਟਰਸ ਨੇ ਦੱਸਿਆ ਕਿ ਇਹ ਆਸ਼ਾਵਾਦ ਦੀ ਨਿਸ਼ਾਨੀ ਹਨ ਪਰ ਉਥੇ ਪੁਲਿਸ ਦੀ ਮੌਜੂਦਗੀ ਬਣੀ ਰਹੇਗੀ। ਉਨ੍ਹਾਂ ਕਿਹਾ ਕਿ ਸੜਕ ਨੂੰ ਪੂਰੀ ਤਰ੍ਹਾਂ ਰੁਕਾਵਟ ਰਹਿਤ ਕਰਨ ਦਾ ਕੰਮ ਜਾਰੀ ਹੈ। ਆਰਸੀਐਮਪੀ ਅਤੇ ਮੁਜ਼ਾਹਰਾਕਾਰੀਆਂ ਵਿਚਕਾਰ ਕੋਈ ਸਮਝੌਤਾ ਨਹੀਂ ਹੋਇਆ ਪਰ ਪੀਟਰ ਨੇ ਕਿਹਾ ਕਿ ਕੁਝ ਪ੍ਰਤੀਨਿਧੀਆਂ ਨਾਲ ਸਮਝੌਤਾ ਗੱਲਬਾਤ ਚਲ ਰਹੀ ਹੈ। ਆਵਾਜਾਈ ਦੀ ਇਕ ਲੇਨ ਦੋਵਾਂ ਦਿਸ਼ਾਵਾਂ ਵਿਚ ਖੋਲ੍ਹੀ ਗਈ ਹੈ, ਇਸ ਦਾ ਮਤਲਬ ਇਹ ਨਹੀਂ ਕਿ ਸੜਕਾਂ ਖੁਲ੍ਹ ਗਈਆਂ ਹਨ ਅਤੇ ਉਥੋਂ ਕੈਨੇਡਾ-ਅਮਰੀਕਾ ਸਰਹੱਦ ਪਾਰ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਉਥੇ ਜਾਣ ਤੋਂ ਬਚਣਾ ਚਾਹੀਦਾ ਹੈ ਅਤੇ ਇਸ ਦੀ ਬਜਾਏ ਹੋਰ ਕਰੌਸਿੰਗ 'ਤੇ ਜਾਣਾ ਚਾਹੀਦਾ ਹੈ। ਮੁਜ਼ਾਹਰਾਕਾਰੀਆਂ ਨੇ ਕੋਵਿਡ-19 ਟੀਕਾਕਰਣ ਆਦੇਸ਼ਾਂ ਅਤੇ ਵਿਆਪਕ ਜਨਤਕ ਸਿਹਤ ਉਪਾਵਾਂ ਖਿਲਾਫ ਓਟਵਾ ਤੇ ਦੇਸ਼ ਭਰ ਵਿਚ ਇਸੇ ਤਰ੍ਹਾਂ ਦੀਆਂ ਵਾਪਰੀਆਂ ਘਟਨਾਵਾਂ ਨਾਲ ਇਕਜੁਟਤਾ ਦਿਖਾਉਂਦੇ ਹੋਏ ਸਨਿਚਰਵਾਰ ਆਪਣੀਆਂ ਮੋਟਰ ਗੱਡੀਆਂ ਖੜੀਆਂ ਕਰਕੇ ਹਾਈਵੇਅ ਜਾਮ ਕਰ ਦਿੱਤਾ।

## ਬਸੰਤ ਤੱਕ ਪਾਬੰਦੀਆਂ ਦੇ ਮੁਕੰਮਲ ਖਾਤਮੇ ਲਈ ਮੈਨੀਟੋਬਾ ਸਰਕਾਰ ਚੁੱਕ ਰਹੀ ਹੈ ਸਾਵਧਾਨੀ ਨਾਲ ਕਦਮ

ਵਿਨੀਪੈਗ-ਮਨੀਟੋਬਾ ਸਰਕਾਰ ਬਸੰਤ ਤਕ ਕੋਈ ਪਾਬੰਦੀਆਂ ਨਾ ਹੋਣ ਦੇ ਨਿਸ਼ਾਨੇ ਨਾਲ ਸੂਬੇ ਵਿਚ ਜਨਤਕ ਸਿਹਤ ਹੁਕਮਾਂ ਨੂੰ ਘਟਾਉਣ ਵੱਲ ਸਾਵਧਾਨੀ ਨਾਲ ਕਦਮ ਚੁੱਕ ਰਹੀ ਹੈ। ਸੂਬੇ ਦੇ ਚੀਫ਼ ਪਬਲਿਕ ਹੈਲਥ ਅਫਸਰ ਡਾ. ਬਰੌਂਟ ਰੌਸਿਨ ਅਤੇ ਪ੍ਰੀਮੀਅਰ ਹੀਥਰ ਸਟੇਫਨਸ ਨੇ 8 ਫਰਵਰੀ ਨੂੰ ਅਮਲ ਵਿਚ ਆਉਣ ਵਾਲੇ ਨਵੇਂ ਹੁਕਮਾਂ ਦਾ ਐਲਾਨ ਕੀਤਾ ਹੈ ਅਤੇ ਇਹ 22 ਫਰਵਰੀ ਤਕ ਲਾਗੂ ਰਹਿਣਗੇ। ਅਧਿਕਾਰੀਆਂ ਨੇ ਦੱਸਿਆ ਕਿ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ ਕਿਉਂਕਿ ਕੋਵਿਡ-19 ਸਥਿਤੀ ਸਥਿਰ ਬਣ ਰਹੀ ਹੈ ਜਾਂ ਸੁਧਰ ਰਹੀ ਹੈ। ਰੌਸਿਨ ਨੇ ਦੱਸਿਆ ਕਿ ਲੰਘੇ ਹਫ਼ਤੇ ਵਿਚ ਅਸੀਂ ਦੇਖਿਆ ਕਿ ਇਨ੍ਹਾਂ ਵਿਚੋਂ ਬਹੁਤੇ ਸੰਕੇਤ ਲਗਾਤਾਰ ਸਥਿਰ ਰਹੇ ਜਾਂ ਸਹੀ ਦਿਸ਼ਾ ਵੱਲ ਰੁਝਾਨ ਰੱਖ ਰਹੇ ਹਨ, ਇਸ ਲਈ ਅਸੀਂ ਇਹ ਬਿਹਤਰ ਸਮਝ ਰਹੇ ਹਨ ਕਿ ਅਸੀਂ ਵੇਵ ਵਿਚ ਕਿਥੇ ਖੜੇ ਹਾਂ। ਸਟੇਫਨਸਨ ਨੇ ਦੱਸਿਆ ਕਿ ਜੇਕਰ ਕੋਵਿਡ ਡਾਟਾ ਦਾ ਰੁਝਾਨ ਸਹੀ ਦਿਸ਼ਾ ਵੱਲ ਜਾਰੀ ਰਹਿੰਦਾ ਹੈ ਤਾਂ ਅਗਲੇ ਹਫ਼ਤਿਆਂ ਤੇ ਮਹੀਨਿਆਂ ਵਿਚ ਪਾਬੰਦੀਆਂ ਨਰਮ ਕਰ ਦਿੱਤੀਆਂ ਜਾਣਗੀਆਂ।

# ਕੇਜਰੀਵਾਲ ਭਾਜਪਾ ਤੇ ਆਰ.ਐਸ.ਐਸ. ਦੀਆਂ ਨੀਤੀਆਂ ਦਾ ਕੱਟੜ ਹਮਾਇਤੀ-ਪਰਗਟ ਸਿੰਘ

## ਜਲੰਧਰ ਕੈਂਟ ਹਲਕੇ ਵਿਚ ਘਰ ਘਰ ਚੋਣ ਪ੍ਰਚਾਰ



ਜਲੰਧਰ (ਪਾਲ ਸਿੰਘ ਨੌਲੀ)-ਜਲੰਧਰ ਛਾਉਣੀ ਦੇ ਵੱਖ-ਵੱਖ ਮੁਹੱਲਿਆਂ ਵਿੱਚ ਸਿੱਖਿਆ ਮੰਤਰੀ ਪਰਗਟ ਸਿੰਘ ਨੇ ਚੋਣ ਮੀਟਿੰਗਾਂ ਕੀਤੀਆਂ। ਉਨ੍ਹਾਂ ਕਿਹਾ ਕਿ ਕੇਜਰੀਵਾਲ ਪੰਜਾਬ ਵਿੱਚ ਨਾਗਪੁਰ ਦਾ ਏਜੰਡਾ ਲਾਗੂ ਕਰਨ ਦੀ ਤਾਕ ਵਿੱਚ ਹੈ। ਉਨ੍ਹਾਂ ਦੋਸ਼ ਲਾਇਆ ਕਿ ਦਿੱਲੀ ਸਰਕਾਰ, ਭਾਜਪਾ ਤੇ ਆਰ ਐੱਸ ਐੱਸ ਦੀਆਂ ਨੀਤੀਆਂ ਦੀ ਹੀ ਹਮਾਇਤ ਕਰਦੀ ਆ ਰਹੀ ਹੈ। ਉਨ੍ਹਾਂ ਕਿਹਾ ਕਿ ਜੰਮੂ-ਕਸ਼ਮੀਰ ਵਿੱਚ ਧਾਰਾ-370 ਤੋੜਨ ਦੀ ਆਮ ਆਦਮੀ ਪਾਰਟੀ ਨੇ ਖੁੱਲ੍ਹ ਕੇ ਹਮਾਇਤ ਕੀਤੀ ਸੀ। ਇਸੇ ਤਰ੍ਹਾਂ ਜਦੋਂ ਮੋਦੀ ਸਰਕਾਰ ਨੇ ਤਿੰਨੋਂ ਖੇਤੀ ਕਾਨੂੰਨ ਪਾਸ ਕੀਤੇ ਸਨ ਤਾਂ ਸਭ ਤੋਂ ਪਹਿਲਾਂ ਦਿੱਲੀ ਵਿਧਾਨ ਸਭਾ ਨੇ ਉਨ੍ਹਾਂ ਨੂੰ ਹੋਰ ਅੱਗੇ ਵਧਾਉਣ ਲਈ ਮਤਾ ਪਾਸ ਕੀਤਾ ਸੀ। ਇਥੇ ਵਰ੍ਹਦੇ ਮੀਂਹ ਵਿੱਚ ਵੀ ਪਰਗਟ ਸਿੰਘ ਨੇ ਆਪਣਾ ਚੋਣ ਪ੍ਰਚਾਰ ਜਾਰੀ ਰੱਖਿਆ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਲੋਕਾਂ ਨੂੰ ਗਾਰੰਟੀਆਂ ਦੇ ਭਰਮ-ਭੁਲੇਖਿਆਂ 'ਚ ਪਾਉਣ ਵਾਲੇ ਅਰਵਿੰਦ ਕੇਜਰੀਵਾਲ, ਜਿਸ ਦਿੱਲੀ ਦੇ ਮੁੱਖ ਮੰਤਰੀ ਹਨ, ਉਥੇ ਘੱਟ ਗਿਣਤੀ ਲੋਕ ਸੁਰੱਖਿਅਤ ਨਹੀਂ ਰਹੀਆਂ। ਸਾਬਕਾ ਓਲੰਪੀਅਨ ਪਰਗਟ ਸਿੰਘ ਨੇ ਕਿਹਾ ਕਿ ਦੇਸ਼ ਵਿੱਚ ਤਿਰੰਗਾ ਯਾਤਰਾਵਾਂ ਕੱਢਣ ਦੀ ਨੀਤੀ ਆਰਐੱਸਐੱਸ ਅਤੇ ਭਾਜਪਾ ਦੀ ਹੈ। ਉਸੇ ਨੀਤੀ ਤਹਿਤ ਪੰਜਾਬ ਵਿੱਚ ਕੇਜਰੀਵਾਲ ਦੀ ਅਗਵਾਈ ਵਿੱਚ ਪਠਾਨਕੋਟ ਤੇ ਜਲੰਧਰ ਵਿੱਚ ਤਿਰੰਗਾ ਯਾਤਰਾਵਾਂ ਕੱਢੀਆਂ ਗਈਆਂ। ਇਨ੍ਹਾਂ ਯਾਤਰਾਵਾਂ ਲਈ ਟਿਕਟਾਂ ਦੇ ਚਾਹਵਾਨਾਂ ਕੋਲੋਂ ਮੋਟੀਆਂ ਰਕਮਾਂ ਵੀ ਵਸੂਲਣ ਦੀ ਚਰਚਾ ਜ਼ੋਰਾਂ 'ਤੇ ਰਹੀ ਸੀ। ਪਰਗਟ ਸਿੰਘ ਨੇ ਕਿਹਾ ਕਿ ਪੰਜਾਬ ਵਿੱਚ ਹਿੰਦੂ-ਸਿੱਖ ਭਾਈਚਾਰਕ ਸਾਂਝ ਹਮੇਸ਼ਾਂ ਹੀ ਮਜ਼ਬੂਤ ਰਹੀ ਹੈ। ਭਾਜਪਾ ਤੇ 'ਆਪ' ਵਰਗੀਆਂ ਪਾਰਟੀਆਂ ਜਾਣ ਬੁੱਝ ਕੇ ਅਜਿਹਾ ਮਾਹੌਲ ਸਿਰਜਦੀਆਂ ਹਨ ਜਿਵੇਂ ਇਸ ਸੂਬੇ ਵਿੱਚ ਕੋਈ ਸਮਾਜਿਕ ਸੰਕਟ ਖੜ੍ਹਾ ਹੋ ਗਿਆ ਹੋਵੇ। ਜਦੋਂ ਸਮੁੱਚਾ ਪੰਜਾਬ ਸ਼ਾਂਤ ਹੈ ਤਾਂ ਪਟਿਆਲਾ ਵਿੱਚ 'ਆਪ' ਨੇ ਕਿਸ ਮਕਸਦ ਨਾਲ ਸ਼ਾਂਤੀ ਮਾਰਚ ਕੀਤਾ ਸੀ? ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਸੁਚੇਤ ਕੀਤਾ ਕਿ ਦਿੱਲੀ ਦੇ ਇਨ੍ਹਾਂ ਧਾੜਵੀਆਂ ਤੋਂ ਬਚਣ ਦੀ ਲੋੜ ਹੈ, ਜਿਹੜੇ ਪੰਜਾਬੀਆਂ ਨੂੰ ਬੇਵਕੂਫ ਬਣਾ ਕੇ ਇਹ ਦੱਸਣਾ ਚਾਹੁੰਦੇ ਹਨ ਕਿ ਪੰਜਾਬ ਵਿੱਚ ਸਿਆਸਤ ਕਰਨੀ ਉਹੀ ਸਿਖਾਉਣਗੇ। ਇਹ ਇਕ ਤਰ੍ਹਾਂ ਨਾਲ ਪੰਜਾਬੀਅਤ 'ਤੇ ਲੁਕਵਾਂ ਹਮਲਾ ਕੀਤਾ ਜਾ ਰਿਹਾ ਹੈ।

ਸ. ਮੈਹਿੰਗਾ ਸਿੰਘ ਸਰਾਫ ਮੁੱਲਾਂਪੁਰ ਵਾਲੇ
S&S Jewellers Ltd.
Authorized Dealer
20% OFF SEIKO, PULSAR ALL Watches
(3 Yrs Limited Warranty)
Specializing in:
22 Kt & 24 Kt
- Ready Made & Custom Made
- Jewellery, Repairs - Lucky Birth Stones
- Appraisals
Diamond Ring 50% Off

Surjit S. Kanda * Avtar S. Kanda
604.582.5849
9269 - 120 St. Delta BC V4C 6R8

DAY AND NIGHT LABOUR LTD.
ਗਰੀਨ ਹਾਊਸ ਵਰਕਰਾਂ ਦੀ ਲੋੜ

• ਸਾਨੂੰ ਗਰੀਨ ਹਾਊਸ ਵਿਚ ਗਰੇਡਿੰਗ ਅਤੇ ਪੈਕਿੰਗ ਕਰਨ ਲਈ ਵਰਕਰਾਂ ਦੀ ਲੋੜ ਹੈ।
• ਸਿਰਫ ਕੈਨੇਡੀਅਨ ਸਿਟੀਜ਼ਨ, ਪੀ.ਆਰ. ਹੋਲਡਰ ਅਤੇ ਓਪਨ ਵਰਕ ਪਰਮਿਟ ਵਾਲੇ ਹੀ ਸੰਪਰਕ ਕਰਨ।
• ਵਧੀਆ ਤਨਖਾਹ ਦਿੱਤੀ ਜਾਵੇਗੀ।
• ਸਰੀ, ਡੈਲਟਾ ਤੋਂ ਘਰੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।
• ਸਾਨੂੰ ਨਰਸਰੀ ਵਰਕਰਾਂ ਦੀ ਵੀ ਲੋੜ ਹੈ।
ਅੱਜ ਹੀ ਸੰਪਰਕ ਕਰੋ:
ਸੰਨੀ ਸੰਧਰ 604-727-2421

ਸੰਪਾਦਕੀ

## ਟਰੱਕ ਚਾਲਕਾਂ ਦਾ ਪਾਰਲੀਮੈਂਟ ਹਿੱਲ ਨੂੰ ਘੇਰਾ

# ਆਜ਼ਾਦੀ ਦੇ ਨਾਮ ਹੇਠ ਕੋਵਿਡ ਪਾਬੰਦੀਆਂ ਦਾ ਵਿਰੋਧ ਕਿੰਨਾ ਕੁ ਜਾਇਜ਼ ?

ਸੁਖਵਿੰਦਰ ਸਿੰਘ ਚੋਹਲਾ

ਕੋਵਿਡ ਮਹਾਂਮਾਰੀ ਦੀ ਮਾਰ ਝਲਦਿਆਂ ਲਗਪਗ 2 ਸਾਲ ਦਾ ਸਮਾਂ ਮੁਕੰਮਲ ਹੋਣ ਵਾਲਾ ਹੈ। ਦਸੰਬਰ 2020 ਵਿਚ ਪਹਿਲੇ ਕੋਵਿਡ ਵੈਕਸੀਨ ਨੂੰ ਅਮਰੀਕੀ ਐਫ ਡੀ ਏ ਵਿਭਾਗ ਵਲੋਂ ਮਨਜੂਰੀ ਦਿੱਤੇ ਜਾਣ ਉਪਰੰਤ ਵਿਸ਼ਵ ਭਰ ਵਿਚ ਇਸ ਮਹਾਂਮਾਰੀ ਤੋਂ ਛੁਟਕਾਰੇ ਲਈ ਟੀਕਾਕਰਣ ਮੁਹਿੰਮ ਜਾਰੀ ਹੈ। ਇਕ ਰਿਪੋਰਟ ਮੁਤਾਬਿਕ ਵਿਸ਼ਵ ਭਰ ਵਿਚ ਲਗਪਗ 60 ਪ੍ਰਤੀਸ਼ਤ ਵਸੋਂ ਨੂੰ ਵੈਕਸੀਨ ਦੀ ਪਹਿਲੀ ਡੋਜ਼ ਮਿਲ ਚੁੱਕੀ ਹੈ। ਕੈਨੇਡਾ ਵਿਚ 78 ਪ੍ਰਤੀਸ਼ਤ ਲੋਕ ਮੁਕੰਮਲ ਟੀਕਾਕਰਣ ਕਰਵਾ ਚੁੱਕੇ ਹਨ ਤੇ ਬੂਸਟਰ ਡੋਜ਼ ਵੀ ਉਪਲੱਬਧ ਕਰਵਾਈ ਜਾ ਰਹੀ ਹੈ। ਟੀਕਾਕਰਣ ਦੇ ਬਾਵਜੂਦ ਕੋਵਿਡ ਦੇ ਕੇਸ ਲਗਾਤਾਰ ਆ ਰਹੇ ਹਨ। ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਟੀਕਾਕਰਣ ਕਰਵਾਉਣ ਵਾਲੇ ਲੋਕ ਟੀਕਾਰਹਿਤ ਲੋਕਾਂ ਨਾਲੋਂ ਵਧੇਰੇ ਸੁਰੱਖਿਅਤ ਹਨ। ਕੋਵਿਡ ਦੇ ਨਵੇ ਵੈਰੀਐਂਟ ਓਮੀਕਰੋਨ ਦੀ ਲਾਗ ਲਗਾਤਾਰ ਵਧਣ ਦੇ ਬਾਵਜੂਦ ਇਹ ਮਰੀਜਾਂ ਲਈ ਵਧੇਰੇ ਘਾਤਕ ਨਹੀ ਹੈ। ਵੱਖ -ਵੱਖ ਮੁਲਕਾਂ ਦੀਆਂ ਸਰਕਾਰਾਂ ਵਲੋਂ ਸਿਹਤ ਮਾਹਿਰਾਂ ਦੀ ਰਾਇ ਨੂੰ ਧਿਆਨ ਵਿਚ ਰੱਖਦਿਆਂ ਲਗਾਤਾਰ ਟੀਕਾਕਰਣ ਅਤੇ ਬੂਸਟਰ ਡੋਜ਼ ਉਪਰ ਜ਼ੋਰ ਦਿੱਤਾ ਜਾ ਰਿਹਾ ਹੈ। ਜਿਥੇ ਇਕ ਪਾਸੇ ਸਰਕਾਰਾਂ ਕੋਵਿਡ ਮਹਾਂਮਾਰੀ ਉਪਰ ਕਾਬੂ ਪਾਉਣ ਲਈ ਸਿਹਤ ਪ੍ਰਬੰਧਾਂ ਦੇ ਨਾਲ ਕੋਵਿਡ ਪਾਬੰਦੀਆਂ ਨੂੰ ਜਾਰੀ ਰੱਖ ਰਹੀਆਂ ਹਨ ਉਥੇ ਕੁਝ ਲੋਕ ਨਿੱਜੀ ਮਾਨਤਾਵਾਂ ਤਹਿਤ ਟੀਕਾਕਰਣ ਅਤੇ ਕੋਵਿਡ ਪਾਬੰਦੀਆਂ ਦਾ ਵਿਰੋਧ ਕਰਦੇ ਆ ਰਹੇ ਹਨ। ਕੋਵਿਡ ਪਾਬੰਦੀਆਂ ਖਿਲਾਫ ਰੋਸ ਪ੍ਰਦਰਸ਼ਨਾਂ ਨਾਲ ਨਿਪਟਣ ਲਈ ਸਰਕਾਰਾਂ ਨੂੰ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕੈਨੇਡਾ ਵਰਗੇ ਮੁਲਕ ਜਿਥੇ 78 ਪ੍ਰਤੀਸ਼ਤ ਤੋਂ ਉਪਰ ਟੀਕਾਕਰਣ ਹੋ ਚੁੱਕਾ ਹੈ ਤੇ ਬੂਸਟਰ ਡੋਜ਼ ਵੀ ਉਪਲੱਬਧ ਹੈ, ਸੂਬਾ ਪੱਧਰੀ ਕੋਵਿਡ ਪਾਬੰਦੀਆਂ ਦੇ ਫੈਸਲੇ ਲਏ ਜਾ ਰਹੇ ਹਨ। ਲੋੜ ਮੁਤਾਬਿਕ ਸਖਤੀਆਂ ਤੋਂ ਛੋਟਾਂ ਦੀਆਂ ਖਬਰਾਂ ਦਰਮਿਆਨ ਟੀਕਾਕਰਣ ਵਿਰੋਧੀ ਲੋਕਾਂ ਵਲੋਂ ਪਾਬੰਦੀਆਂ ਦਾ ਵਿਰੋਧ ਕਰਦਿਆਂ ਹੋਰ ਲੋਕਾਂ ਨੂੰ ਖਤਰੇ ਵਿਚ ਪਾਉਣਾ ਚਿੰਤਾਜਨਕ ਹੈ।

ਪਿਛਲੇ ਦਿਨਾਂ ਤੋਂ ਭਾਵੇਂਕਿ ਓਮੀਕਰੋਨ ਕੇਸਾਂ ਦੀ ਗਿਣਤੀ ਵਿਚ ਗਿਰਾਵਟ ਦਰਜ ਕੀਤੀ ਜਾ ਰਹੀ ਹੈ ਪਰ ਕੌਮਾਂਤਰੀ ਸਰਹੱਦਾਂ ਉਪਰ ਪਾਬੰਦੀਆਂ ਨੂੰ ਸਖਤੀ ਨਾਲ ਲਾਗੂ ਕੀਤੇ ਜਾਣ ਖਿਲਾਫ ਵਿਰੋਧ ਵਧਣ ਲੱਗਾ ਹੈ। ਕੈਨੇਡਾ ਸਰਕਾਰ ਵਲੋਂ ਸਰਹੱਦ ਪਾਰੋਂ ਆਉਣ ਵਾਲੇ ਟਰੱਕ ਚਾਲਕਾਂ ਲਈ ਟੀਕਾਕਰਣ ਲਾਜ਼ਮੀ ਅਤੇ ਟੀਕਾਰਹਿਤ ਲੋਕਾਂ ਨੂੰ ਕੋਰੰਟੀਨ ਦੀ ਸ਼ਰਤ ਦੇ ਖਿਲਾਫ ਟਰੱਕ ਚਾਲਕ ਦੇਸ਼ ਵਿਆਪੀ ਮੁਹਿੰਮ ਤੇ ਹਨ। ਫਰੀਡਮ ਕਾਨਵਾਈ 2022 ਦੇ ਨਾਮ ਹੇਠ ਕੱਢੀ ਜਾ ਰਹੀ ਇਕ ਰੋਸ ਰੈਲੀ ਓਟਵਾ ਪਾਰਲੀਮੈਂਟ ਹਿੱਲ ਤੱਕ ਪੁੱਜ ਚੁੱਕੀ ਹੈ।

ਖਬਰ ਹੈ ਕਿ ਫਰੀਡਮ ਕਾਨਵਾਈ 2022 ਦਾ ਉਦੇਸ਼ ਕੈਨੇਡਾ ਤੇ ਅਮਰੀਕਾ ਦੇ ਟਰੱਕ ਡਰਾਈਵਰਾਂ ਨੂੰ ਨਵੇਂ ਪਾਬੰਦੀ ਨਿਯਮਾਂ ਖਿਲਾਫ ਓਟਵਾ ਨੂੰ ਘੇਰਕੇ ਸਰਕਾਰ ਨੂੰ ਇਹਨਾਂ ਨਿਯਮਾਂ ਨੂੰ ਰੱਦ ਕਰਨ ਲਈ ਮਜਬੂਰ ਕਰਨਾ ਹੈ। ਇਹ ਨਿਯਮ 15 ਜਨਵਰੀ ਤੋਂ ਲਾਗੂ ਹਨ। ਅਮਰੀਕਾ ਨੇ ਵੀ ਕੈਨੇਡਾ ਨਾਲ ਲਗਦੀ ਉੱਤਰੀ ਸਰਹੱਦ ਅਤੇ ਮੈਕਸੀਕੋ ਨਾਲ ਲਗਦੀ ਦੱਖਣੀ ਸਰਹੱਦ 'ਤੇ ਟਰੱਕ ਡਰਾਈਵਰਾਂ ਲਈ 22 ਜਨਵਰੀ ਤੋਂ ਇਹੀ ਸ਼ਰਤ ਲਾਗੂ ਦਿੱਤੀ ਹੈ।

ਪਾਰਲੀਮੈਂਟ ਹਿੱਲੀ ਉਪਰ ਫਰੀਡਮ ਕਾਨਵਾਈ ਦੇ ਪੁੱਜਣ ਅਤੇ ਪ੍ਰਦਰਸ਼ਨਕਾਰੀਆਂ ਦੇ ਹੱਥਾਂ ਵਿਚ ਫੜੇ ਬੈਨਰਾਂ ਉਪਰ ਆਜ਼ਾਦੀ ਦਾ ਸੁਨੇਹਾ ਦੇਣ ਦੇ ਨਾਲ ਲਿਬਰਲ ਸਰਕਾਰ ਅਤੇ ਪ੍ਰਧਾਨ ਮੰਤਰੀ ਨੂੰ ਨਫਰਤ ਦਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਕਈ ਬੈਨਰਾਂ ਉਪਰ ਇਤਰਾਜ ਸ਼ਬਦਾਵਲੀ ਪ੍ਰਦਰਸ਼ਨਕਾਰੀਆਂ ਦੇ ਉਗਰ ਵਿਵਹਾਰ ਦਾ ਖਦਸ਼ਾ ਪੈਦਾ ਕਰਦੀ ਹੈ। ਪੁਲਿਸ ਦੀਆਂ ਖੁਫੀਆ ਰਿਪੋਰਟਾਂ ਵੀ ਇਹ ਜ਼ਾਹਰ ਕਰਦੀਆਂ ਹਨ ਕਿ ਪ੍ਰਦਰਸ਼ਨਕਾਰੀਆਂ ਦੇ ਉਹਲੇ ਵਿਚ ਕੁਝ ਸ਼ਰਾਰਤੀ ਅਨਸਰ ਸਥਿਤੀ ਨੂੰ ਵਿਗਾੜ ਵੀ ਸਕਦੇ ਹਨ। ਰਿਪੋਰਟਾਂ ਹਨ ਇਹਨਾਂ ਚੋਂ ਕੁਝ ਪ੍ਰਦਰਸ਼ਕਾਰੀਆਂ ਦੇ ਤੌਰ ਤਰੀਕੇ ਵਾਸ਼ਿੰਗਟਨ ਕੈਪੀਟਲ ਹਿੱਲ ਤੇ 6 ਜਨਵਰੀ ਨੂੰ ਵਾਪਰੀਆਂ ਘਟਨਾਵਾਂ ਤੇ ਟਰੰਪ ਸਮਰਥਕ ਹੁਲੜਬਾਜ਼ਾਂ ਵਾਲੇ ਹਨ। ਅਜਿਹੀਆਂ ਖਬਰਾਂ ਉਪਰੰਤ ਹੀ ਪ੍ਰਧਾਨ ਮੰਤਰੀ ਟਰੂਡੋ ਨੇ ਫਰੀਡਮ ਕਾਨਵਾਈ ਦੇ ਪਾਰਲੀਮੈਂਟ ਹਿੱਲ ਦੇ ਬਾਹਰ ਇਕੱਤਰ ਹੋਣ ਤੇ ਚਿੰਤਾ ਪ੍ਰਗਟ ਕੀਤੀ ਹੈ। ਉਹਨਾਂ ਦਾ ਕਹਿਣਾ ਦਰੁਸਤ ਹੈ ਕਿ ਮਨੁੱਖੀ ਆਜ਼ਾਦੀ ਦੇ ਨਾਮ ਹੇਠ ਕੋਵਿਡ ਨਿਯਮਾਂ ਨੂੰ ਚੁਣੌਤੀ ਦੇਣ ਵਾਲੇ ਲੋਕਾਂ ਦੇ ਵਿਚਾਰਾਂ ਨੂੰ ਸਵੀਕਾਰਨਾ ਮੁਸ਼ਕਲ ਹੈ। ਇਹ ਵਿਚਾਰ ਕੈਨੇਡੀਅਨ ਮੁੱਲਾਂ ਦੀ ਨੁਮਾਇੰਦਗੀ ਨਹੀਂ ਕਰਦੇ । ਪ੍ਰਧਾਨ ਮੰਤਰੀ ਦਾ ਕਹਿਣਾ ਹੈ ਕਿ ਮਾਨਵੀ ਆਜ਼ਾਦੀ ਦੀ ਗੱਲ ਕਰਨ ਵਾਲਿਆਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਆਜ਼ਾਦੀ ਤੇ ਹੱਕਾਂ ਦੀ ਰਾਖੇ ਕਹਿਲਾਉਣ ਦੇ ਉਹ ਹੀ ਅਸਲ ਹੱਕਦਾਰ ਹਨ ਜੋ ਕੋਵਿਡ ਮਹਾਂਮਾਰੀ ਖਿਲਾਫ ਨਿਯਮਾਂ ਦੀ ਪਾਲਣਾ ਕਰਦੇ ਹੋਏ ਟੀਕਾਕਰਣ ਕਰਵਾ ਰਹੇ ਹਨ ਤੇ ਆਪਣੇ ਨਾਲ ਹੋਰਾਂ ਦੀ ਸੁਰੱਖਿਆ ਦਾਵੀ ਧਿਆਨ ਰੱਖਦੇ ਹਨ। ਚਿੰਤਾ ਵਾਲੀ ਗੱਲ ਹੈ ਕਿ ਟੀਕਾਕਰਣ ਅਤੇ ਕੋਵਿਡ ਆਦੇਸ਼ਾਂ ਦਾ ਵਿਰੋਧ ਕਰਨ ਵਾਲੇ ਟਰੱਕ ਡਰਾਈਵਰਾਂ ਦਾ ਕੁਝ ਕੰਸਰੇਵਟਿਵ ਅਤੇ ਪੀਪਲਜ਼ ਪਾਰਟੀ ਦੇ ਕਾਰਕੁੰਨ ਤੇ ਆਗੂ ਵੀ ਸਮਰਥਨ ਕਰ ਰਹੇ ਹਨ। ਪਾਬੰਦੀਆਂ ਦੇ ਵਿਰੋਧ ਅਤੇ ਮਾਨਵੀ ਆਜ਼ਾਦੀ ਦੇ ਨਾਮ ਹੇਠ ਟਰੱਕਰਜ਼ ਵਲੋਂ ਵਿਸ਼ਵ ਭਰ ਚੋ 5 ਮਿਲੀਅਨ ਤੋਂ ਉਪਰ ਦਾ ਫੰਡ ਵੀ ਇਕੱਤਰ ਕਰ ਲਿਆ ਹੈ ਜਿਸਨੂੰ ਸਰਕਾਰ ਵਲੋਂ ਫਰੀਜ਼ ਕਰਨ ਦਾ ਫੈਸਲਾ ਕੀਤਾ ਗਿਆ ਹੈ।




ਪਾਰਲੀਮੈਂਟ ਹਿੱਲ ਦੇ ਬਾਹਰ ਇਕੱਤਰ ਹੋਏ ਪ੍ਰਦਰਸ਼ਨਕਾਰੀਆਂ ਤੇ ਰੈਲੀ ਪ੍ਰਬੰਧਕਾਂ ਵਲੋਂ ਗਵਰਨਰ ਜਨਰਲ ਨੂੰ ਕੋਵਿਡ ਪਾਬੰਦੀਆਂ ਖਤਮ ਕੀਤੇ ਜਾਣ ਦਾ ਮੰਗ ਪੱਤਰ ਦੇਣ ਦਾ ਪ੍ਰੋਗਰਾਮ ਹੈ। ਉਹਨਾਂ ਦੀ ਚੇਤਾਵਨੀ ਹੈ ਕਿ ਜਿਤਨੀ ਦੇਰ ਪਾਬੰਦੀਆਂ ਖਤਮ ਕਰਨ ਦਾ ਐਲਾਨ ਨਹੀ ਹੁੰਦਾ, ਉਹ ਵਾਪਿਸ ਨਹੀ ਪਰਤਣਗੇ। ਪ੍ਰਦਰਸ਼ਨਕਾਰੀਆਂ ਦੇ ਹੱਕ ਵਿਚ ਜੂਨੀਅਰ ਟਰੰਪ ਤੇ ਮੈਕਸਿਮ ਬਰਨੀਅਰ ਦੇ ਬਿਆਨ ਹੁੱਲੜਬਾਜ਼ੀ ਨੂੰ ਉਤਸ਼ਾਹਿਤ ਕਰਨ ਵਾਲੇ ਹਨ। ਰੈਲੀ ਦੇ ਇਕ ਆਗੂ ਦਾ ਇਹ ਕਹਿਣਾ ਕਿ ਇਹ ਰੋਸ ਪ੍ਰਦਰਸ਼ਨ ਕੇਵਲ ਪਾਬੰਦੀਆਂ ਖਿਲਾਫ ਨਹੀਂ ਬਲਕਿ ਲੋਕਾਂ ਦੇ ਖੋਹੇ ਜਾ ਰਹੇ ਅਧਿਕਾਰਾਂ ਖਿਲਾਫ ਇਕ ਲੜਾਈ ਹੈ-ਚਿੰਤਾਜਨਕ ਸਥਿਤੀ ਵੱਲ ਇਸ਼ਾਰਾ ਹੈ। ਅਜਿਹੀ ਉਤਪੰਨ ਹੋ ਰਹੀ ਸਥਿਤੀ ਨਾਲ ਨਿਪਟਣਾ ਟਰੂਡੋ ਸਰਕਾਰ ਲਈ ਇਕ ਨਵੀ ਤੇ ਵੱਡੀ ਚੁਣੌਤੀ ਬਣ ਸਕਦਾ ਹੈ।

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com

ACTIVE INSURANCE
Trusted Name In the Community
ਹਰ ਤਰ੍ਹਾਂ ਦੀ ਇੰਸ਼ੋਰੈਂਸ ਦੀ ਜ਼ਰੂਰਤ ਲਈ
• ਕਾਰ • ਟਰੱਕ
• ਘਰਾਂ ਦੀ ਇੰਸ਼ੋਰੈਂਸ
• ਬਿਜ਼ਨੈਸ • ਟਰੈਵਲ
YOUR NEIGHBOURHOOD AUTOPLAN
OPEN 7 DAYS A WEEK
KHALSA BUSINESS CENTRE
# 103 - 8334 - 128th St.,
604-501-7878
VANCOUVER OFFICE:
London Sq. 200-3340 Kingsway
604-437-7878
OPEN 6 DAYS A WEEK
Hours: Mon-Fri: 9:00am to 7:00pm
Saturday 10:00am to 5:00pm
SULLIVAN CENTER:
#108-14340-64th Ave., Surrey
604-593-8899
Tarlok (Tony) Chandi
778-858-7878
Arjun Singh
604.760.3661

## ਅਫਗਾਨਿਸਤਾਨ ਤੋਂ ਕੁੱਤੇ-ਬਿੱਲੀਆਂ ਲੈ ਕੇ ਇਕ ਵੱਡਾ ਜਹਾਜ਼ ਵੈਨਕੂਵਰ ਪੁੱਜਾ

ਵਿਕਟੋਰੀਆ-ਅਫਗਾਨਿਸਤਾਨ ਤੋਂ ਬਚਾਏ ਗਏ ਲਗਪਗ 300 ਕੁੱਤੇ ਤੇ ਬਿੱਲੀਆਂ ਲੈ ਕੇ ਇਕ ਵੱਡਾ ਹਵਾਈ ਜਹਾਜ਼ ਮੰਗਲਵਾਰ ਰਾਤ ਵੈਨਕੂਵਰ ਦੇ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਉਤਰਿਆ। ਅਫਗਾਨਿਸਤਾਨ ਦੇ ਤਾਲਿਬਾਨ ਵਿਚ ਸੱਤਾ 'ਤੇ ਕਾਬਜ਼ ਹੋਣ ਪਿੱਛੋਂ ਦੇਸ਼ ਤੋਂ ਭੱਜੇ ਅਫਗਾਨੀਆਂ ਦੇ ਪਾਲਤੂ ਜਾਨਵਰ ਉਥੇ ਰਹਿ ਗਏ ਸਨ। ਰਾਜਧਾਨੀ ਕਾਬੁਲ ਵਿਚ ਬਚਾਅ ਕਾਰਜਾਂ ਵਿਚ ਲੱਗੇ ਲੋਕਾਂ ਨੇ ਉਨ੍ਹਾਂ ਨੂੰ ਬਾਹਰ ਲਿਆਉਣ ਦੀ ਕੋਸ਼ਿਸ਼ ਕੀਤੀ ਪਰ ਅਸਫਲ ਰਹੇ ਸਨ। ਕੁੱਤਿਆਂ ਨੂੰ ਆਪਣੇ ਖੁਰਾਕ ਦਾ ਆਪ ਪ੍ਰਬੰਧ ਕਰਨ ਲਈ ਖੁੱਲ੍ਹਾ ਛੱਡ ਦਿੱਤਾ ਗਿਆ, ਇਹ ਜਾਨਵਰਾਂ ਦੀ ਭਲਾਈ ਵਿਚ ਸਭ ਤੋਂ ਭਿਆਨਕ ਤਜਰਬਾ ਸੀ। ਅਗਲੇ 6 ਮਹੀਨਿਆਂ ਲਈ ਐਸਪੀਸੀਏ ਇੰਟਰਨੈਸ਼ਨਲ ਤੇ ਪਾਰਟਨਰ ਜਿਨ੍ਹਾਂ ਵਿਚ ਕਾਬੁਲ ਸਮਾਲ ਐਨੀਮਲ ਰਸਕਿਊ ਸ਼ਾਮਿਲ ਸੀ ਜਾਨਵਰਾਂ ਸੁਰੱਖਿਅਤ ਕੱਢਣ ਲਈ ਇਕੱਤਰ ਹੋਏ। ਐਤਵਾਰ ਰਾਤ ਨੂੰ ਉਨ੍ਹਾਂ ਦੇ ਮਿਸ਼ਨ ਨੂੰ ਆਖਰਕਾਰ ਸਫਲਤਾ ਮਿਲੀ। ਜਾਨਵਰਾਂ ਨੂੰ 86 ਟਨ ਭਾਰੇ ਹਵਾਈ ਜਵਾਜ਼ ਵਿਚ ਚੜ੍ਹਾਇਆ ਗਿਆ ਅਤੇ ਇਹ ਵੈਨਕੂਵਰ ਪਹੁੰਚਣ ਤੋਂ ਪਹਿਲਾਂ ਤੁਰਕੀ ਤੇ ਆਈਸਲੈਂਡ ਵਿਚ ਰੁਕਿਆ।

## ਗੈਂਗਸ ਖਿਲਾਫ ਜਾਂਚ ਦੇ ਸਿੱਟੇ ਵਜੋਂ ਬੰਦੂਕਾਂ, ਨਸ਼ਾ, ਨਕਦੀ ਤੇ ਲਗਜ਼ਰੀ ਕਾਰਾਂ ਬਰਾਮਦ

ਵਕਟੋਰੀਆ-ਪੁਲਿਸ ਨੇ ਗੈਂਗਸ ਖਿਲਾਫ ਕੀਤੀ ਜਾਂਚ ਦੇ ਸਿੱਟੇ ਵਜੋਂ ਬੰਦੂਕਾਂ, ਨਸ਼ੀਲੇ ਪਦਾਰਥ, ਨਕਦੀ ਤੇ ਲਗਜ਼ਰੀ ਕਾਰਾਂ ਬਰਾਮਦ ਕੀਤੀਆਂ ਹਨ। ਪੁਲਿਸ ਨੇ ਦੱਸਿਆ ਕਿ 17 ਮਹੀਨੇ ਤੋਂ ਚਲੀ ਆ ਰਹੀ ਜਾਂਚ ਦੇ ਸਿੱਟੇ ਵਜੋਂ ਕੋਕੁਇਟਲਮ ਬੀਸੀ ਦੇ ਪੰਜ ਵਿਅਕਤੀ ਫ਼ੌਜਦਾਰੀ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ। ਕੋਕੁਇਟਲਮ ਆਰਸੀਐਮਪੀ ਦੇ ਸੁਪਰਡੈਂਟ ਕੀਥ ਬ੍ਰਹਮਹਿਲ ਨੇ ਪ੍ਰੈਸ ਕਾਨਫਰੰਸ ਵਿਚ ਦੱਸਿਆ ਕਿ ਤੁਹਾਨੂੰ ਪਤਾ ਹੈ ਕਿ ਇਨ੍ਹਾਂ ਹਥਿਆਰਾਂ ਦੀ ਬਰਾਮਦਗੀ ਤੋਂ ਬਿਨ੍ਹਾਂ ਬਹੁਤ ਸਾਰੀਆਂ ਮੌਤਾਂ ਹੋਣੀਆਂ ਸਨ। ਪੁਲਿਸ ਵਲੋਂ ਜ਼ਬਤ ਕੀਤੇ ਹਥਿਆਰਾਂ ਵਿਚ 12 ਅਰਧ-ਆਟੋਮੈਟਿਕ ਕਾਰਬਾਈਨਾਂ, 11 ਹੈਂਡਗਨਜ਼, ਮੈਗਜ਼ੀਨ ਤੇ ਅਸਲਾ ਸ਼ਾਮਿਲ ਹੈ। ਉਨ੍ਹਾਂ ਨੇ ਤਿੰਨ ਕਿਲੋ ਸ਼ੱਕੀ ਫੈਂਟਾਨਿਲ, 5.4 ਕਿਲੋ ਕੋਕੀਨ, 866 ਗ੍ਰਾਮ ਮੇਥਲਫੇਟਾਮਾਈਨ, 1.8 ਕਿਲੋ ਐਮਡੀਐਮਏ, 828.5 ਕਿਲੋ ਸ਼ੱਕੀ ਕੇਟਾਮਾਈਨ, 100 ਔਕਸੀਕੋਨਟਿਨ ਗੋਲੀਆਂ 200 ਅਸੌਰਟਡ ਗੋਲੀਆਂ, 8 ਕਿਲੋ ਕਟਿੰਗ ਏਜੰਟ ਤੇ 51000 ਜਾਅਲੀ ਜ਼ੈਨੈਕਸ ਗੋਲੀਆਂ ਸ਼ਾਮਿਲ ਹਨ। ਮੋਟਰਗੱਡੀਆਂ ਵਿਚ 2017 ਜੀਪ ਚੈਰੋਕੀ ਐਸਆਰਟੀ, 2018 ਔਡੀ ਏ7, 2019 ਇਨਫਿਨੀਟੀ ਕਿਉ50 ਅਤੇ 2021 ਔਡੀ ਕਿਉ5 ਸ਼ਾਮਿਲ ਹੈ। ਪੁਲਿਸ ਨੂੰ 164000 ਡਾਲਰ ਤੋਂ ਵੱਧ ਦੀ ਨਕਦੀ ਵੀ ਮਿਲੀ। ਲੋਅਰ ਮੇਨਲੈਂਡ ਵਿਚ ਪੁਲਿਸ ਦੀ ਇਹ ਮਹੱਤਵਪੂਰਣ ਬਰਾਮਦਗੀ ਹੈ।





# ਐਲਬਰਟਾ-ਮੌਨਟੈਨਾ ਬੌਰਡਰ ਤੋਂ ਟਰੱਕਾਂ ਨੂੰ ਹਟਾਇਆ

ਕੈਲਗਰੀ (ਕਮਲਜੀਤ ਬੁੱਟਰ)-ਐਲਬਰਟਾ-ਮੌਨਟੈਨਾ ਇੰਟਰਨੈਸ਼ਨਲ ਬੌਰਡਰ 'ਤੇ ਟ੍ਰਕਰਜ਼ ਵੱਲੋਂ ਸੜਕ ਬੰਦ ਕੀਤੇ ਜਾਣ ਦੇ ਚੌਥੇ ਦਿਨ ਆਰ.ਸੀ.ਐਮ.ਪੀ। ਨੇ ਇਹਨਾਂ ਮੁਜ਼ਾਹਰਾਕਾਰੀਆਂ ਨੂੰ ਹਾਇਵੇਅ-4 ਤੋਂ ਹਟਾਉਣ ਲਈ ਕਾਰਵਾਈ ਸ਼ੁਰੂ ਕਰ ਦਿੱਤੀ ਅਤੇ ਦਰਜਨਾਂ ਟ੍ਰਕਾਂ ਨੂੰ ਉੱਥੋਂ ਰਵਾਨਾ ਕਰਵਾ ਦਿੱਤਾ। ਬੀਤੀ ਬਇਦ ਦੁਪਹਿਰ ਮੀਡੀਆ ਨੂੰ ਸੰਬੋਧਨ ਕਰਦਿਆਂ ਪ੍ਰੀਮੀਅਰ ਜੇਸਨ ਕੈਨੀ ਨੇ ਦੱਸਿਆ ਕਿ ਇਹਨਾਂ ਮੁਜ਼ਾਹਰਾਕਾਰੀਆਂ ਨਾਲ ਹਮਦਰਦੀ ਰੱਖਣ ਵਾਲੇ ਅਤੇ ਉਹਨਾਂ ਦੀ ਹਿਮਾਇਤ ਲਈ ਮੌਕੇ 'ਤੇ ਪਹੁੰਚੇ ਹੋਏ ਕੁਝ ਵਿਅਕਤੀਆਂ ਨੇ ਆਰ.ਸੀ.ਐਮ.ਪੀ। ਅਧਿਕਾਰੀਆਂ ਉੱਪਰ ਹਮਲੇ ਵੀ ਕੀਤੇ ਹਨ। ਪ੍ਰੀਮੀਅਰ ਨੇ ਦੱਸਿਆ ਕਿ ਇਸੇ ਦੌਰਾਨ ਇਕ ਨਾਗਰਿਕ ਵਾਹਨ ਉੱਪਰ ਵੀ ਹਮਲਾ ਕੀਤੇ ਜਾਣ ਦੀ ਸੂਚਨਾ ਉਹਨਾਂ ਕੋਲ ਪਹੁੰਚੀ ਹੈ। ਉਹਨਾਂ ਕਿਹਾ ਕਿ ਇਸ ਤਰ੍ਹਾਂ ਦਾ ਵਿਹਾਰ ਕਿਸੇ ਵੀ ਤਰ੍ਹਾਂ ਸਵੀਕਾਰ ਕਰਨ ਯੋਗ ਨਹੀਂ ਹੈ। ਕੈਨੀ ਨੇ ਕਿਹਾ ਕਿ ਅਜਿਹੇ ਲੋਕ ਬਹੁਤ ਥੋੜ੍ਹੀ ਗਿਣਤੀ ਵਿੱਚ ਹਨ ਪਰ ਇਹਨਾਂ ਨੇ ਸਧਾਰਨ ਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ ਤੇ ਨਫ਼ਰਤ ਭਰੀਆਂ ਹਰਕਤਾਂ ਅੰਜਾਮ ਦਿੱਤੀਆਂ ਹਨ। ਕਾਰਜਕਾਰੀ ਜਸਟਿਸ ਮਨਿਸਟਰ ਸੋਨਿਆ ਸੈਵੇਜ ਨੇ ਕਿਹਾ ਕਿ ਇਸ ਮੌਕੇ ਸੜਕ ਨੂੰ ਸਾਫ਼ ਕਰਨ ਲਈ ਅਤੇ ਟ੍ਰੈਫਿਕ ਬਹਾਲ ਕਰਨ ਵਾਸਤੇ ਬਣਦੀ ਕਾਰਵਾਈ ਕੀਤੀ ਜਾ ਰਹੀ ਹੈ ਤੇ ਇਸ ਕੰਮ ਵਾਸਤੇ ਅਦਾਲਤ ਦੀ ਮਦਦ ਲੈਣ ਦੀ ਲੋੜ ਨਹੀਂ ਹੈ। ਦਰਜਨਾਂ ਗੱਡੀਆਂ ਉਥੋਂ ਭੇਜ ਦਿੱਤੀਆਂ ਗਈਆਂ ਹਨ ਤੇ ਕਈ ਹੋਰ ਗੱਡੀਆਂ ਉਥੇ ਨਵੀਆਂ ਆ ਗਈਆਂ ਹਨ। ਮੁਜ਼ਾਹਰਾਕਾਰੀਆਂ ਨੇ ਆਰ.ਸੀ.ਐਮ.ਪੀ। ਵੱਲੋਂ ਲਗਾਏ ਬੈਰਿਕੇਡਜ਼ ਨੂੰ ਹਟਾਉਣ ਲਈ ਵੱਡੀਆਂ ਗੱਡੀਆਂ ਦੀ ਵਰਤੋਂ ਕੀਤੀ ਤੇ ਇਸ ਕਾਰਨ ਇਕ ਗੱਡੀ ਨੂੰ ਨੁਕਸਾਨ ਪਹੁੰਚਿਆ ਦੱਸਿਆ ਜਾਂਦਾ ਹੈ। ਮੁਜ਼ਾਹਰਾਕਾਰੀਆਂ ਨੇ ਬੈਡਰਿਕੇਡਜ਼ ਦੀ ਦੂਜੀ ਕਤਾਰ ਖੜ੍ਹੀ ਕਰ ਦਿੱਤੀ। ਇਸ ਵਿੱਚ ਐਸਯੂਵੀ, ਆਰਵੀ ਅਤੇ ਟ੍ਰੈਕਟਰਜ਼ ਸ਼ਾਮਿਲ ਦੱਸੇ ਗਏ ਹਨ। ਇਹ ਰੁਕਾਵਟਾਂ ਬੌਰਡਰ ਤੋਂ ਨੌਰਥ ਵਾਲੇ ਪਾਸੇ ਲਗਾਈਆਂ ਦੱਸੀਆਂ ਜਾਂਦੀਆਂ ਹਨ। ਹਾਲਾਤ ਤਨਾਅ ਵਾਲੇ ਹਨ ਤੇ ਲੋਕਾਂ ਨੂੰ ਇਸ ਬੌਰਡਰ ਵੱਲ ਜਾਣ ਤੋਂ ਮਨ੍ਹਾ ਕੀਤਾ ਗਿਆ ਹੈ। ਆਰ.ਸੀ.ਐਮ.ਪੀ। ਵੱਲੋਂ ਕਈ ਲੋਕਾਂ ਵਿਰੁਧ ਕਾਰਵਾਈ ਵੀ ਕੀਤੇ ਜਾਣ ਦੀ ਸੂਚਨਾ ਹੈ।

## ਸਹਿਕਰਮੀ ਨਾਲ ਸਬੰਧਾਂ ਦਾ ਖੁਲਾਸਾ ਨਾ ਕਰਨ 'ਤੇ ਜੈਫ ਜ਼ੁਕਰ ਵਲੋਂ ਸੀ ਐਨ. ਐਨ. ਦੇ ਪ੍ਰਧਾਨ ਵਜੋਂ ਅਸਤੀਫਾ

ਵਾਸ਼ਿੰਗਟਨ-ਸੀਐਨਐਨ ਪ੍ਰਧਾਨ ਜੈਫ ਜ਼ੁਕਰ ਜਿਸ ਬਾਰੇ ਉਦਯੋਗ ਦੇ ਅੰਦਰੂਨੀ ਲੋਕਾਂ ਨੇ ਇਹ ਅੰਦਾਜ਼ਾ ਲਗਾਇਆ ਕਿ ਜਦੋਂ ਨੈੱਟਵਰਕ ਡਿਸਕਵਰੀ ਦਾ ਹਿੱਸਾ ਬਣੇਗਾ ਉਹ ਵੱਡੀ ਭੂਮਿਕਾ ਨਿਭਾਉਣਗੇ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਅਤੇ ਸਟਾਫ ਨੂੰ ਦੱਸਿਆ ਕਿ ਉਹ ਸਹਿਕਰਮੀ ਨਾਲ ਸਹਿਮਤੀ ਵਾਲੇ ਸਬੰਧਾਂ ਦਾ ਖੁਲਾਸਾ ਕਰਨ ਵਿਚ ਨਾਕਾਮ ਰਿਹਾ ਹੈ। 56 ਸਾਲਾ ਜ਼ੁਰਕਰ ਨੇ ਇਕ ਮੀਮੋ ਵਿਚ ਕਿਹਾ ਕਿ ਉਨ੍ਹਾਂ ਦੀ ਸਬੰਧ ਨੈੱਟਵਰਕ ਦੀ ਪ੍ਰਾਈਮਟਾਈਮ ਸੀਐਨਐਨ ਐਂਕਰ ਕਰਿਸ ਕੁਓਮੋ ਜਿਸ ਨੂੰ ਆਪਣੇ ਭਰਾ ਜਿਹੜਾ ਨਿਊਯਾਰਕ ਦਾ ਸਾਬਕਾ ਗਵਰਨਰ ਐਂਡਰਿਉ ਕੁਓਮੋ ਜਿਸ 'ਤੇ ਜਿਣਸੀ ਦੁਰਵਿਵਹਾਰ ਦਾ ਦੋਸ਼ ਸੀ ਦੀ ਮਦਦ ਕਰਨ ਬਦਲੇ ਦਸੰਬਰ ਵਿਚ ਬਰਖਾਸਤ ਕਰ ਦਿੱਤਾ ਸੀ ਦੇ ਵਿਵਹਾਰ ਦੀ ਨੈੱਟਵਰਕ ਵਲੋਂ ਕੀਤੀ ਜਾ ਰਹੀ ਜਾਂਚ ਦੌਰਾਨ ਰੋਸ਼ਨੀ ਵਿਚ ਆਏ ਸਨ। ਐਂਡਰਿਉ ਕੁਓਮੋ ਨੇ ਕਿਹਾ ਕਿ ਉਸ 'ਤੇ ਦੋਸ਼ ਲਗਾਉਣ ਵਾਲਿਆਂ ਨੇ ਉਸ ਦੇ ਸ਼ਬਦਾਂ, ਇਸ਼ਾਰਿਆਂ ਤੇ ਵਿਵਹਾਰ ਦੀ ਗਲਤ ਵਿਆਖਿਆ ਕੀਤੀ ਸੀ। ਜ਼ੁਕਰ ਨੇ ਇਕ ਮੁਲਾਕਾਤ ਲਈ ਬੇਨਤੀ ਨੂੰ ਇਕ ਬੁਲਾਰੇ ਰਾਹੀਂ ਰੱਦ ਕਰ ਦਿੱਤਾ। ਉਸ ਦੇ ਬੁਲਾਰੇ ਨੇ ਕਿਹਾ ਕਿ ਉਸ ਦਾ ਤਲਾਕ ਹੋ ਚੁੱਕਾ ਹੈ।






# ਕੋਕੁਇਟਲਮ ਪੁਲਿਸ ਵੱਲੋਂ ਵੱਡੀ ਮਾਤਰਾ ਵਿਚ ਨਸ਼ੀਲੇ ਪਦਾਰਥ, ਹਥਿਆਰ, ਕਾਰਾਂ ਅਤੇ ਕੈਸ਼ ਬਰਾਮਦ

ਸਰੀ, (ਹਰਦਮ ਮਾਨ)- ਲਾਗਲੇ ਸ਼ਹਿਰ ਕੋਕੁਇਟਲਮ ਵਿੱਚ ਆਰਸੀਐਮਪੀ ਦੇ ਡਰੱਗਜ਼ ਐਂਡ ਆਰਗੇਨਾਈਜ਼ਡ ਕ੍ਰਾਈਮ ਸੈਕਸ਼ਨ ਵੱਲੋਂ ਵੱਡੀ ਕਾਰਵਾਈ ਕਰਦਿਆਂ ਕਈ ਗ਼ੈਰ-ਕਾਨੂੰਨੀ ਹਥਿਆਰ, ਨਸ਼ੀਲੇ ਪਦਾਰਥ, ਲਗਜ਼ਰੀ ਗੱਡੀਆਂ ਅਤੇ ਕੈਸ਼ ਬਰਾਮਦ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੁਲੀਸ ਵੱਲੋਂ ਜ਼ਬਤ ਕੀਤੇ ਗਈਆਂ ਇਨ੍ਹਾਂ ਗੈਰਕਾਨੂੰਨੀ ਵਸਤਾਂ ਵਿਚ ਤਿੰਨ ਕਿਲੋ ਸ਼ੱਕੀ ਫੈਂਟਾਨਿਲ, 5।4 ਚਾਰ ਕਿੱਲੋ ਸ਼ੱਕੀ ਕੋਕੇਨ, 866 ਸ਼ੱਕੀ ਮੈਥਮਵਿਟਾਮਿਨ, 1।8 ਸ਼ੱਕੀ ਐਮ ਡੀ ਐਨ ਏ, 828।5 ਗ੍ਰਾਮ ਸ਼ੱਕੀ ਆਕਸੀ ਪੈਲੇਸ, 200 ਨਸ਼ੀਲੀਆਂ ਗੋਲੀਆਂ ਅਤੇ 8 ਕਿਲੋ ਕਟਿੰਗ ਏਜੰਟ ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ 12 ਸੈਮੀ ਆਟੋਮੈਟਿਕ ਕਾਰਬਾਈਨ, 11 ਹੈਂਡਗਨ ਮੈਗਜ਼ੀਨ, ਅਸਲਾ, 164,000 ਡਾਲਰ ਅਤੇ 4 ਲਗਜ਼ਰੀ ਗੱਡੀਆਂ ਜ਼ਬਤ ਕੀਤੀਆਂ ਗਈਆਂ ਹਨ। ਕੋਕੁਇਟਲਮ ਡਿਟੈਚਮੈਂਟ ਦੇ ਇੰਚਾਰਜ ਸੁਪਰਡੈਂਟ ਕੀਥ ਬ੍ਰਾਮਹਿਲ ਨੇ ਪ੍ਰੈਸ ਰਿਲੀਜ਼ ਰਾਹੀਂ ਦੱਸਿਆ ਹੈ ਕਿ ਪੁਲਿਸ ਵੱਲੋਂ ਪਿਛਲੇ ਸਾਲ ਇਸ ਸੰਬੰਧ ਵਿਚ 7 ਤਲਾਸ਼ੀ ਵਾਰੰਟ ਹਾਸਲ ਕੀਤੇ ਗਏ ਸਨ ਅਤੇ ਇਨ੍ਹਾਂ ਨੂੰ ਅਪਰੈਲ ਤੋਂ ਦਸੰਬਰ 2021 ਦਰਮਿਆਨ ਅੰਜ਼ਾਮ ਦਿੱਤਾ ਗਿਆ ਸੀ। ਇਸ ਕਾਰਵਾਈ ਵਿਚ ਵੈਨਕੂਵਰ ਪੁਲਿਸ, ਰਿਚਮੰਡ ਆਰਸੀਐਮਪੀ ਅਤੇ ਕਈ ਹੋਰ ਏਜੰਸੀਆਂ ਨੇ ਵੀ ਆਪਣਾ ਯੋਗਦਾਨ ਪਾਇਆ। ਪੁਲੀਸ ਅਨੁਸਾਰ ਇਸ ਕੇਸ ਦੇ ਸੰਬੰਧ ਵਿਚ ਕੁਕੋਟਲਮ ਦੇ 3 ਆਦਮੀਆਂ ਤੇ 2 ਔਰਤਾਂ ਨੂੰ ਗ੍ਰਿਫਤਾਰ ਕੀਤਾ ਗਿਆ। ਉਨ੍ਹਾਂ ਦੀ ਉਮਰ 20 ਤੋਂ 30 ਸਾਲ ਦੇ ਦਰਮਿਆਨ ਦੱਸੀ ਗਈ ਹੈ।

# ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਵੱਲੋਂ ਇੰਦਰਜੀਤ ਕੌਰ ਸੰਧੂ ਦੀ ਮੌਤ ਉਪਰ ਦੁੱਖ ਦਾ ਪ੍ਰਗਟਾਵਾ

ਸਰੀ, (ਹਰਦਮ ਮਾਨ)- ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਨੇ ਉੱਘੀ ਸਿੱਖਿਆ ਸ਼ਾਸਤਰੀ ਇੰਦਰਜੀਤ ਕੌਰ (ਧਰਮ ਪਤਨੀ ਪ੍ਰਸਿੱਧ ਲੇਖਕ ਸਵ। ਗਿਆਨੀ ਗੁਰਦਿੱਤ ਸਿੰਘ) ਦੇ ਸਦੀਵੀ ਵਿਛੋੜੇ ਉਪਰ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਸੁਸਾਇਟੀ ਵੱਲੋਂ ਇਸ ਸੰਬੰਧ ਵਿਚ ਕੀਤੀ ਗਈ ਸ਼ੋਕ ਸਭਾ ਵਿਚ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਸੁਰਿੰਦਰ ਸਿੰਘ ਜੱਬਲ ਨੇ ਕਿਹਾ ਕਿ ਸਰਦਾਰਨੀ ਇੰਦਰਜੀਤ ਕੌਰ ਸੰਧੂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ 1975 ਤੋਂ 1977 ਦੌਰਾਨ ਵਾਈਸ ਚਾਂਸਲਰ ਰਹੇ ਸਨ ਅਤੇ ਉਹ ਭਾਰਤ ਵਿਚ ਕਿਸੇ ਵੀ ਯੂਨੀਵਰਸਿਟੀ ਦੇ ਪਹਿਲੇ ਮਹਿਲਾ ਵਾਈਸ ਚਾਂਸਲਰ ਸਨ। ਦਿੱਲੀ ਸਟਾਫ ਸਿਲੈਕਸ਼ਨ ਕਮਿਸ਼ਨ ਦੇ 1980 ਤੋਂ 1985 ਤੱਕ ਪਹਿਲੇ ਚੇਅਰਪਰਸਨ ਵੀ ਸਨ। ਖਾਲਸਾ ਕਾਲਜ ਅੰਮ੍ਰਿਤਸਰ ਦੀ ਗਵਰਨਿੰਗ ਕੌਂਸਲ 1950-1853 ਦੌਰਾਨ ਪ੍ਰਤੀਨਿੱਧਤਾ ਕਰਨ ਵਾਲੀ ਵੀ ਉਹ ਇਕੱਲੀ ਮਹਿਲਾ ਹੀ ਸਨ। ਆਪਣੇ ਜੀਵਨ ਕਾਲ ਵਿਚ ਸਿੱਖ ਵਿਦਵਾਨ ਪਹਿਲੀ ਮਹਿਲਾ ਦੀਆਂ ਪ੍ਰਾਪਤੀਆਂ ਅਤੇ ਯੋਗ ਅਗਵਾਈ, ਉਨ੍ਹਾਂ ਦੀ ਜ਼ਿੰਦਗੀ ਦੇ ਕੁਝ ਪਹਿਲੂਆਂ ਉਤੇ ਰੌਸ਼ਨੀ ਪਾਉਂਦਿਆਂ ਪ੍ਰਸਿੱਧ ਵਿਦਵਾਨ ਤੇ ਪੰਜਾਬੀ ਲੇਖਕ ਜੈਤੇਗ ਸਿੰਘ ਅਨੰਤ ਨੇ ਓਨ੍ਹਾਂ ਨਾਲ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ। ਉਨ੍ਹਾਂ ਕਿਹਾ ਕਿ ਇੰਦਰਜੀਤ ਕੌਰ ਸੰਧੂ ਨੇ ਪੰਜਾਬ ਦੇ ਕਾਲਜਾਂ ਵਿਚ ਪ੍ਰੋਫੈਸਰ,ਪ੍ਰਿੰਸੀਪਲ ਤੇ ਇੰਟਰਨੈਸ਼ਨਲ ਕਾਨਫਰੰਸਾਂ ਵਿਚ ਅਹਿਮ ਭੂਮਿਕਾ ਵੀ ਨਿਭਾਈ। ਪੰਜਾਬ ਦੀ ਵੰਡ ਸਮੇਂ ਸ਼ਰਨਾਰਥੀ ਬੱਚੀਆਂ ਦੀ ਸਵੈ ਰੱਖਿਆ ਵਾਸਤੇ ਮਾਤਾ ਸਾਹਿਬ ਕੌਰ ਦਲ ਸਕੂਲ ਸਥਾਪਤ ਕਰਨ ਵਿਚ ਬਤੌਰ ਸੈਕਟਰੀ ਯੋਗਦਾਨ ਪਾਇਆ ਅਤੇ ਸ਼ਰਨਾਰਥੀ ਬੱਚੀਆਂ ਲਈ ਸਵੈ ਰੱਖਿਆ ਦੀ ਸਿਖਲਾਈ ਮੁਹੱਈਆ ਕਰਵਾਈ। ਉਨ੍ਹਾਂ ਨੇ ਇਨਸਾਨ,ਸਿਖਿਅਕ ਅਤੇ ਪ੍ਰਸ਼ਾਸਕ ਵਜੋਂ ਕਈ ਲੋਕਾਂ ਦੇ ਜੀਵਨ ਨੂੰ ਪ੍ਰਭਾਵਤ ਕੀਤਾ। ਬੀਬੀ ਇੰਦਰਜੀਤ ਕੌਰ ਅਤੇ ਉਨ੍ਹਾਂ ਦੇ ਪਤੀ ਗਿਆਨੀ ਗੁਰਦਿੱਤ ਸਿੰਘ ਅਕਾਦਮਿਕ ਵਿਰਸੇ ਦਾ ਅਣਮੁੱਲਾ ਅਤੇ ਅਟੁੱਟ ਅੰਗ ਸਨ। ਉਹ 98 ਸਾਲ ਦੀ ਉਮਰ ਭੋਗ ਕੇ ਇਸ ਦੁਨੀਆਂ ਨੂੰ ਅਲਵਿਦਾ ਆਖ ਗਏ। ਇਸ ਸ਼ੋਕ ਸਭਾ ਵਿਚ ਤਰਸੇਮ ਸਿੰਘ ਵਿਰਦੀ,ਮਨਜੀਤ ਸਿੰਘ ਵਾਹਰਾ, ਅਮਰੀਕ ਸਿੰਘ ਭੱਚੂ, ਦੀਪ ਸਿੰਘ ਕਲਸੀ, ਵਿਜੇ ਕੁਮਾਰ ਧੀਮਾਨ, ਧਰਮ ਸਿੰਘ ਪਨੇਸਰ, ਚਰਨਜੀਤ ਸਿੰਘ ਮਰਵਾਹਾ, ਬਲਬੀਰ ਸਿੰਘ ਚਾਨਾ, ਕਿਰਪਾਲ ਸਿੰਘ ਧਿੰਜਲ, ਗੁਰਨਾਮ ਸਿੰਘ ਕਲਸੀ, ਜੈਤੇਗ ਸਿੰਘ ਅਨੰਤ ਤੇ ਸੁਰਿੰਦਰ ਸਿੰਘ ਜੱਬਲ ਹਾਜਰ ਸਨ।



# ਇਕ ਘਰ ਵਿਚ ਗੋਲੀਬਾਰੀ ਮਿਥ ਕੇ ਕੀਤੀ ਹੋਣ ਦਾ ਸ਼ੱਕ

ਸਰੀ-ਇਕ ਘਰ ਵਿਖੇ ਕੀਤੀ ਗੋਲੀਬਾਰੀ ਦੀ ਜਾਂਚ ਕੀਤੀ ਜਾ ਰਹੀ ਹੈ ਜਦਕਿ ਪੁਲਿਸ ਦਾ ਕਹਿਣਾ ਕਿ ਇਹ ਸ਼ੱਕ ਕੀਤਾ ਜਾਂਦਾ ਹੈ ਕਿ ਘਟਨਾ ਮਿਥ ਕੇ ਕੀਤੀ ਗਈ ਸੀ ਅਤੇ ਇਹ ਨਹੀਂ ਲਗਦਾ ਘਰ ਵਿਚ ਰਹਿਣ ਵਾਲੇ ਲੋਕਾਂ ਨੂੰ ਨਿਸ਼ਾਨਾ ਬਣਾਉਣ ਦਾ ਇਰਾਦਾ ਸੀ। ਪੁਲਿਸ ਨੂੰ ਟਲਸੀ ਕ੍ਰੇਸੈਂਟ ਈਸਟ ਜਿਹੜਾ 88 ਐਵੀਨਿਊ ਦੇ ਦੱਖਣ ਵਿਚ ਪੈਂਦਾ ਹੈ ਵਿਖੇ ਗੋਲੀਬਾਰੀ ਤੜਕੇ ਤਿੰਨ ਵਜੇ ਤੋਂ ਥੋੜਾ ਸਮਾਂ ਪਹਿਲਾਂ ਰਿਪੋਰਟ ਮਿਲੀ। ਜਦੋਂ ਪੁਲਿਸ ਮੌਕੇ 'ਤੇ ਪੁੱਜੀ ਤਾਂ ਉਨ੍ਹਾਂ ਨੂੰ ਗੋਲੀਬਾਰੀ ਵਿਚ ਇਕ ਘਰ ਅਤੇ ਡਰਾਈਵਵੇਅ 'ਤੇ ਖੜੀਆਂ ਗੱਡੀਆਂ ਨੁਕਸਾਨ ਗ੍ਰਸਤ ਹੋਈਆਂ ਮਿਲੀਆਂ। ਇਸ ਘਟਨਾ ਵਿਚ ਕੋਈ ਵੀ ਜ਼ਖ਼ਮੀ ਨਹੀਂ ਹੋਇਆ। ਪੁਲਿਸ ਨੇ ਕਿਹਾ ਕਿ ਉਨ੍ਹਾਂ ਦਾ ਖਿਆਲ ਨਹੀਂ ਕਿ ਘਰ ਵਿਚ ਰਹਿ ਰਹੇ ਲੋਕਾਂ ਨੂੰ ਨਿਸ਼ਾਨਾ ਬਣਾਉਣ ਲਈ ਗੋਲੀਬਾਰੀ ਕੀਤੀ ਗਈ ਪਰ ਸੰਭਵ ਹੈ ਕਿ ਇਹ ਮਕਾਨ ਦੇ ਪਹਿਲੇ ਮਾਲਕਾਂ ਨਾਲ ਜੁੜੀ ਹੋਈ ਘਟਨਾ ਹੈ ਅਤੇ ਲੋਅਰ ਮੇਨਲੈਂਡ ਵਿਚ ਚਲ ਰਹੀ ਗੈਂਗ ਵਾਰ ਨਾਲ ਸਬੰਧ ਨਹੀਂ। ਕੰਸਟੇਬਲ ਸਰਬਜੀਤ ਕੌਰ ਸੰਘਾ ਨੇ ਇਕ ਨਿਊਜ਼ ਰਿਲੀਜ਼ ਵਿਚ ਦੱਸਿਆ ਕਿ ਅਸੀਂ ਸ਼ੁਕਰ ਕਰਦੇ ਹਾਂ ਕਿ ਇਸ ਵਿਚ ਕੋਈ ਵੀ ਜ਼ਖ਼ਮੀ ਨਹੀਂ ਹੋਇਆ ਪਰ ਬਿਨ੍ਹਾਂ ਸ਼ੱਕ ਇਹ ਉਸ ਪਰਿਵਾਰ ਲਈ ਬਹੁਤ ਦੁਖਦਾਈ ਤਜਰਬਾ ਹੈ ਜਿਸ ਦੇ ਘਰ 'ਤੇ ਗੋਲੀਆਂ ਲੱਗੀਆਂ ਹਨ।

# ਸਰੀ ਪੁਲਿਸ ਸਰਵਿਸ ਵਲੋਂ 2022 ਵਿਚ 175 ਹੋਰ ਅਫਸਰ ਤਾਇਨਾਤ ਕਰਨ ਦੀ ਆਸ

ਸਰੀ-ਸਰੀ ਪੁਲਿਸ ਸਰਵਿਸ ਵਲੋਂ 2022 ਵਿਚ 175 ਹੋਰ ਅਫਸਰ ਤਾਇਨਾਤ ਕਰਨ ਦੀ ਆਸ ਹੈ ਜਿਸ ਨਾਲ ਸਾਲ ਦੇ ਅਖੀਰ ਵਿਚ ਅਫਸਰਾਂ ਦੀ ਕੁਲ ਗਿਣਤੀ 225 ਹੋ ਜਾਵੇਗੀ। ਉਹ ਸਰੀ ਆਰਸੀਐਮਪੀ ਦੀ ਕਮਾਂਡ ਹੇਠ ਰਹਿਣਗੇ ਜਿਸ ਨੂੰ ਬਦਲਣ ਲਈ ਐਸਪੀਐਸ ਨੂੰ ਤਿਆਰ ਕੀਤਾ ਗਿਆ ਹੈ। ਚੀਫ਼ ਕੰਸਟੇਬਲ ਨੌਰਮ ਲਿਪਿਨਸਕੀ ਜਿਹੜੇ ਐਸਪੀਐਸ ਦੇ ਅਫਸਰ ਇੰਚਾਰਜ ਹਨ ਨੇ ਕਿਹਾ ਕਿ ਫੋਰਸ ਲਗਾਤਾਰ ਵਧ ਰਹੀ ਹੈ ਅਤੇ ਸਰਕਾਰ ਦੇ ਤਿੰਨ ਪੱਧਰਾਂ ਦੀ ਚਲ ਰਹੀ ਸਹਾਇਤਾ ਨਾਲ ਪੁਲਿਸ ਤਬਦੀਲੀ ਵੱਲ ਕਾਫੀ ਪ੍ਰਗਤੀ ਕੀਤੀ ਹੈ। ਉਨ੍ਹਾਂ ਦੱਸਿਆ ਕਿ ਸਰਵਿਸ ਲਈ ਫੋਨ ਕਾਲ ਦਾ ਜਵਾਬ ਦੇਣ ਅਤੇ ਜਨਤਾ ਨਾਲ ਮੇਲਜੋਲ ਲਈ ਸਰੀ ਪੁਲਿਸ ਸਰਵਿਸ ਅਫਸਰਾਂ ਦੀ ਗਿਣਤੀ ਵਿਚ ਇਸ ਸਾਲ ਕਾਫੀ ਵਾਧਾ ਹੋਵੇਗਾ।

# ਭਾਰਤ ਨੇ ਜਾਅਲੀ ਖ਼ਬਰਾਂ ਨੂੰ ਲੈ ਕੇ ਅਮਰੀਕੀ ਟੈਕ ਕੰਪਨੀਆਂ ਤੋਂ ਕੀਤੀ ਸਖਤ ਕਾਰਵਾਈ ਦੀ ਮੰਗ

ਨਿਊਯਾਰਕ-ਭਾਰਤ ਦੇ ਅਧਿਕਾਰੀਆਂ ਨੇ ਗੂਗਲ, ਟਵਿੱਟਰ ਤੇ ਫੇਸਬੁੱਕ ਨਾਲ ਉਨ੍ਹਾਂ ਗੱਲਾਂ ਜਿਨ੍ਹਾਂ ਨੂੰ ਉਨ੍ਹਾਂ (ਅਧਿਕਾਰੀਆਂ) ਨੇ ਉਨ੍ਹਾਂ ਦੇ ਪਲੇਟਫਾਰਮ 'ਤੇ ਜਾਅਲੀ ਖ਼ਬਰਾਂ ਆਖਿਆ ਹੈ ਨੂੰ ਪੂਰੀ ਸਰਗਰਮੀ ਨਾਲ ਨਾ ਹਟਾਉਣ ਬਦਲੇ ਤਿੱਖੇ ਲਹਿਜੇ ਵਿਚ ਵਿਚਾਰ ਵਟਾਂਦਰਾ ਕੀਤਾ। ਸੂਚਨਾ ਤੇ ਪ੍ਰਸਾਰਣ ਮੰਤਰਾਲੇ ਦੇ ਅਧਿਕਾਰੀਆਂ ਨੇ ਕੰਪਨੀਆਂ ਦੀ ਨਿਖੇਧੀ ਕਰਦੇ ਹੋਏ ਕਿਹਾ ਕਿ ਜਾਅਲੀ ਖ਼ਬਰਾਂ 'ਤੇ ਕੋਈ ਕਾਰਵਾਈ ਨਾ ਕਰਨ ਦੀ ਗੱਲ ਭਾਰਤ ਸਰਕਾਰ ਨੂੰ ਸਮੱਗਰੀ ਹਟਾਉਣ ਦਾ ਆਦੇਸ਼ ਦੇਣ ਲਈ ਮਜ਼ਬੂਰ ਕਰ ਰਹੀ ਹੈ ਜਿਸ ਦੇ ਸਿੱਟੇ ਵਜੋਂ ਅੰਤਰਰਾਸ਼ਟਰੀ ਆਲੋਚਨਾ ਹੁੰਦੀ ਹੈ ਕਿ ਅਧਿਕਾਰੀ ਆਜ਼ਾਦੀ ਦੇ ਪ੍ਰਗਟਾਵੇ ਨੂੰ ਦਬਾਅ ਰਹੇ ਹਨ। ਸੂਤਰ ਜਿਹੜੇ ਸੋਮਵਾਰ ਨੂੰ ਹੋਈ ਵਰਚੂਅਲ ਮੀਟਿੰਗ ਬਾਰੇ ਜਾਣੂ ਹਨ ਨੇ ਗੱਲਬਾਤ ਨੂੰ ਤਣਾਅ ਵਾਲੀ ਅਤੇ ਤਿੱਖੇ ਲਹਿਜੇ ਵਾਲੀ ਆਖਿਆ ਜਿਹੜੀ ਅਮਰੀਕੀ ਟੈਕ ਦਿਗਜਾਂ ਅਤੇ ਪ੍ਰਧਾਨ ਮੰਤਰੀ ਨਰਿੰਦ ਮੋਦੀ ਦੇ ਪ੍ਰਸ਼ਾਸਨ ਵਿਚਕਾਰ ਸਬੰਧਾਂ ਦੇ ਹੋਰ ਹੇਠਲੇ ਪੱਧਰ 'ਤੇ ਜਾਣ ਦਾ ਸੰਕੇਤ ਹੈ। ਮੀਟਿੰਗ ਵਿਖੇ ਕੰਪਨੀਆਂ ਨੂੰ ਅਧਿਕਾਰੀਆਂ ਨੇ ਕੋਈ ਅਲਟੀਮੇਟਮ ਨਹੀਂ ਦਿੱਤਾ। ਸਰਕਾਰ ਟੈਕ ਸੈਕਟਰ ਨਿਯਮਾਂ ਨੂੰ ਸਖਤ ਕਰ ਰਹੀ ਹੈ ਪਰ ਚਾਹੁੰਦੀ ਹੈ ਕਿ ਕੰਪਨੀਆਂ ਸਮੱਗਰੀ ਨੂੰ ਸਹੀ ਕਰਨ ਲਈ ਹੋਰ ਕੰਮ ਕਰਨ।

# ਰੈਸਟੋਰੈਂਟਾਂ ਨੂੰ ਬੈਗ ਦੀ ਫੀਸ ਚਾਰਜ ਕਰਨ ਤੋਂ ਰੋਕਣਾ ਚਾਹੁੰਦੀ ਹੈ ਸਰੀ ਕੌਂਸਲਰ

ਸਰੀ-ਸਰੀ ਦੀ ਕੌਂਸਲਰ ਚਾਹੁੰਦੀ ਹੈ ਕਿ ਜਦੋਂ ਸੂਬਾ ਸਰਕਾਰ ਅਤੇ ਇੰਡਸਟਰੀ ਕਿਸੇ ਢੁਕਵੇਂ ਹੱਲ 'ਤੇ ਨਹੀਂ ਪਹੁੰਚਦੇ ਉਦੋਂ ਤਕ ਸਰੀ ਸ਼ਹਿਰ ਰੈਸਟੋਰੈਂਟਸ ਨੂੰ ਆਪਣੇ ਗਾਹਕਾਂ ਤੋਂ ਬੈਗ ਫੀਸ ਚਾਰਜ ਕਰਨ ਤੋਂ ਰੋਕ ਦੇਵੇ। ਕੌਂਸਲਰ ਬਰੇਂਡਾ ਲੋਕ ਨੇ ਸੋਮਵਾਰ ਇਸ ਸਬੰਧੀ ਮਤੇ ਦਾ ਨੋਟਿਸ ਦਿੱਤਾ ਜਿਸ 'ਤੇ 14 ਫਰਵਰੀ ਨੂੰ ਕੌਂਸਲ ਦੀ ਮੀਟਿੰਗ ਵਿਚ ਚਰਚਾ ਹੋਣ ਦੀ ਆਸ ਹੈ ਅਤੇ ਉਸ ਵਿਚ ਕਿਹਾ ਗਿਆ ਹੈ ਕਿ ਸਿਟੀ ਰੈਸਟੋਰੈਂਟਸ ਇੰਡਸਟਰੀ ਦਾ ਸਮਰਥਨ ਕਰਦਾ ਹੈ ਅਤੇ ਸਿੱਧਾ ਸੂਬਾ ਸਰਕਾਰ ਨਾਲ ਸੰਵਾਦ ਕਰਦਾ ਹੈ। ਬੈਗ ਫੀਸ ਰੈਸਟੋਰੈਂਟਸ ਦੇ ਪ੍ਰਸ਼ਾਸਕੀ ਬੋਝ ਪਾਇਆ ਗਿਆ ਹੈ ਜਿਹੜਾ ਕਿ ਚੁਣੌਤੀਪੂਰਨ ਹੈ ਅਤੇ ਉਸ ਸਮੇਂ ਪਾਇਆ ਗਿਆ ਜਦੋਂ ਉਹ ਆਰਥਿਕ ਬਚਾਅ ਲਈ ਸੰਘਰਸ਼ ਕਰ ਰਹੇ ਹਨ।


BADH ACCOUNTING SERVICES
32 YEARS EXPERIENCE IN ACCOUNTING
Specializing in:
ਟੈਕਸ ਦੇ ਪੇਪਰ ਭਰਨਾ * ਅਕਾਊਂਟਿੰਗ * ਪੇਰੋਲ
ਬਿਜ਼ਨਸ ਇਨਕਮ ਟੈਕਸ * ਪਰਸਨਲ ਇਨਕਮ ਟੈਕਸ
ਟੀ-ਫੋਰ ਜਾਂ ਵਰਕਰ ਕੰਪਨਸੇਸ਼ਨ ਫਾਰਮ * ਬੁੱਕ ਕੀਪਿੰਗ
* Tax Forms Fill up * Accounting * Payroll
* Business Income Tax * Personal Income Tax
* T4 & Workers Compensation Forms
* Bookkeeping

Jasbir Singh Badh
ਜਸਬੀਰ ਸਿੰਘ ਬਾਧ
ਸਾਡਾ ਅਕਾਊਂਟਿੰਗ ਵਿਚ 32 ਸਾਲ ਦਾ ਤਜ਼ਰਬਾ ਹੈ
Ph: 604-325-8370
Fax: 604-325-6654
# 1393 - 20800 - WESTMINSTER HWY, RICHMOND, BC



CAN-AM LUMBER MILL
WE CAN NOW SUPPLY COMPLETE HOME PACKAGE
Engineered Floor Joists, Roof Trusses
All the Framing lumber, Plywoods for Floors, Walls & Roof
Always Low Prices
2X6X8' Kiln Dry Fir $4.95 EA
1X4 Red Cedar 10' $2.95 EA
4X8X3/8" Paint Grade Plywood $21.95 EA
4X8X1/2" Paint Grade Plywood $29.95 EA
*APNA PUNJABI LUMBER YARD*
RING: MALKIT OR SAM SANGHA
604-580-1415
11635 130th St., Surrey, FAX: 604-580-1528
Email: can-ambuildingsupply@shaw.ca
We Deliver to Your Job Site
(Even to the Moon)
"Where the Builders Buy"



REAL ESTATE BUY & SELL
KULWANT ATWAL 604-716-2135
MORTGAGES 1st, 2nd or Private
BHAJAN ATWAL 604-773-8426
BUILD WITH WARRANTY
BUILD, SUPPORT & ADVICE TEAM WORK
604-773-8426
604-594-7592

Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:

amex A Mark of EXcellence
CENTUM
You Will Save Thousands Thousands Dollars
Buy With Us: Get Full Support
Sell With Us: Save Money
Build With Us: Warranty & Support
"Pre-Register Your House To Sell & Save Thousands Dollars & Guaranteed Sold"
RESIDENTIAL
CONSTRUCTION
COMMERCIAL
NEW IMMIGRANTS
SELF EMPLOYED
PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply
Real Estate, Mortgage, Build & Warranty, Private Mortgages
604-716-2135 604-773-8426

# ਤਰਕਸ਼ੀਲ ਸੁਸਾਇਟੀ ਕੈਨੇਡਾ ਵੱਲੋਂ ਵਿਦੇਸ਼ੀ ਵਿਦਿਆਰਥੀਆਂ ਦਾ ਸੋਸ਼ਣ ਰੋਕਣ ਦੀ ਮੰਗ

ਸਰੀ, (ਹਰਦਮ ਮਾਨ)-ਤਰਕਸ਼ੀਲ ਸੁਸਾਇਟੀ ਕੈਨੇਡਾ ਦੀ ਕਾਰਜਕਾਰਨੀ ਦੀ ਮੀਟਿੰਗ ਬਾਈ ਅਵਤਾਰ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਕੈਨੇਡਾ ਵਿਚ ਪੜ੍ਹਨ ਆਏ ਵਿਦੇਸ਼ੀ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਜਿਵੇਂ ਵਿਦੇਸ਼ੀ ਵਿਦਿਆਰਥੀਆਂ ਨੂੰ ਕੰਮ ਕਰਨ ਲਈ ਹਫਤੇ ਵਿਚ ਸਿਰਫ 20 ਘੰਟੇ ਦੀ ਹੀ ਇਜ਼ਾਜ਼ਤ ਦੇਣਾ, ਵਿਦਿਆਰਥਣਾਂ ਉੱਪਰ ਦੇਹ ਵਪਾਰ ਦੇ ਧੰਦੇ ਦਾ ਤੱਥ-ਰਹਿਤ ਦੋਸ਼ ਲਾਉਣਾ ਅਤੇ ਮੌਂਟਰੀਅਲ ਦੇ ਤਿੰਨ ਕਾਲਜਾਂ ਵੱਲੋਂ ਵਿਦਿਆਰਥੀਆਂ ਦੇ ਕਈ ਲੱਖਾਂ ਡਾਲਰ ਹੜੱਪ ਕਰਕੇ ਦਿਵਾਲੀਆ ਦਾਖਲ ਕਰਵਾ ਦੇਣਾ ਆਦਿ ਤੇ ਵਿਚਾਰ ਚਰਚਾ ਕੀਤੀ ਗਈ। ਮੀਟਿੰਗ ਵਿਚ ਹਾਜ਼ਰ ਮੈਂਬਰਾਂ ਦਾ ਵਿਚਾਰ ਸੀ ਕਿ ਵਿਦਿਆਰਥੀਆਂ ਨੂੰ ਆਪਣੇ ਖਰਚੇ ਪੂਰੇ ਕਰਨ ਲਈ ਕਈ ਵਾਰ ਕਾਨੂੰਨੀ ਤੌਰ ਤੇ ਹਫਤੇ ਵਿੱਚ ਮਨਜ਼ੂਰ 20 ਘੰਟਿਆਂ ਤੋਂ ਵੱਧ ਕੰਮ ਕਰਨਾ ਪੈਂਦਾ ਹੈ ਜੋ ਉਨ੍ਹਾਂ ਦੀ ਲੁੱਟ ਦਾ ਕਾਰਨ ਬਣਦਾ ਹੈ। ਕਾਨੂੰਨੀ ਤੌਰ ਤੇ ਕੰਮ ਕਰਨ ਦੇ ਘੰਟਿਆਂ ਤੋਂ ਵੱਧ ਕੰਮ ਕਰਨਾ ਉਨ੍ਹਾਂ ਦੀ ਮਜ਼ਬੂਰੀ ਹੁੰਦੀ ਹੈ ਪਰ ਬਹੁਤ ਸਾਰੇ ਕੇਸਾਂ ਵਿੱਚ ਮਾਲਕਾਂ ਵੱਲੋਂ ਇਨ੍ਹਾਂ ਵਿਦਿਆਰਥੀਆਂ ਦੇ ਬਣਦੇ ਪੈਸੇ ਦਿੱਤੇ ਹੀ ਨਹੀਂ ਜਾਂਦੇ ਤੇ ਵਿਦਿਆਰਥੀਆਂ ਨੂੰ ਡਰਾਇਆ ਧਮਕਾਇਆ ਵੀ ਜਾਂਦਾ ਹੈ। ਇਸ ਸਬੰਧੀ ਕੈਨੇਡਾ ਸਰਕਾਰ ਪਾਸੋਂ ਮੰਗ ਕੀਤੀ ਗਈ ਕਿ ਵਿਦੇਸ਼ੀ ਵਿਦਿਆਰਥੀਆਂ ਪਾਸੋਂ ਕੈਨੇਡੀਅਨ ਵਿਦਿਆਰਥੀਆਂ ਦੇ ਮੁਕਾਬਲੇ ਤਿੰਨ ਗੁਣਾਂ ਵੱਧ ਫੀਸਾਂ ਵਸੂਲੀਆਂ ਜਾਂਦੀਆਂ ਹਨ ਤਾਂ ਉਨ੍ਹਾਂ ਵਿਦਿਆਰਥੀਆਂ ਨੂੰ ਵੀ ਕੈਨੇਡੀਅਨ ਵਿਦਿਆਰਥੀਆਂ ਵਾਂਗ ਹੀ ਕਾਨੂੰਨੀ ਤੌਰ ਤੇ ਪੂਰਾ ਸਮਾਂ ਕੰਮ ਕਰਨ ਦੀ ਇਜ਼ਾਜ਼ਤ ਦਿੱਤੀ ਜਾਵੇ ਤਾਂਕਿ ਕੋਈ ਵੀ ਉਨ੍ਹਾਂ ਦੀ ਲੁੱਟ ਨਾ ਕਰ ਸਕੇ। ਤਰਕਸ਼ੀਲ ਆਗੂਆਂ ਨੇ ਕਿਹਾ ਕਿ ਕੁੱਝ ਕੁ ਵਿਦੇਸ਼ੀ ਵਿਦਿਆਰਥਣਾਂ ਵੱਲੋਂ ਗਲਤ ਅਨਸਰਾਂ ਦੇ ਧੱਕੇ ਚੜ੍ਹਕੇ ਗਲਤ ਰਾਹ ਤੁਰ ਪੈਣ ਦੀ ਖਬਰ ਨੂੰ ਤੱਥਾਂ ਤੋਂ ਬਿਨਾਂ ਵਧਾ ਚੜ੍ਹਾ ਕੇ ਦੇਹ ਵਪਾਰ ਵਜੋਂ ਅਤੇ ਸਨਸਨੀਖੇਜ਼ ਬਣਾ ਕੇ ਪੇਸ਼ ਕਰਨ ਦਾ ਮਕਸਦ ਸਮੁੱਚੀਆਂ ਵਿਦਿਆਰਥਣਾਂ ਦੀ ਬਦਨਾਮੀ ਕਰਨਾ ਅਤੇ ਪਿੱਛੇ ਉਨ੍ਹਾਂ ਦੇ ਮਾਪਿਆਂ ਨੂੰ ਮਾਨਸਿਕ ਤਸੀਹੇ ਦੇਣਾ ਹੈ। ਇਸ ਘਟੀਆ ਹਰਕਤ ਦੀ ਤਰਕਸ਼ੀਲਾਂ ਨੇ ਘੋਰ ਨਿੰਦਿਆ ਕੀਤੀ। ਮੌਂਟਰੀਅਲ ਸਥਿਤ ਤਿੰਨ ਕਾਲਜਾਂ ਵੱਲੋਂ ਵਿਦਿਆਰਥੀਆਂ ਪਾਸੋਂ ਕਈ ਲੱਖਾਂ ਡਾਲਰ ਇਕੱਠੇ ਕਰਕੇ ਆਪਣੇ ਆਪ ਨੂੰ ਦਿਵਾਲੀਆ ਐਲਾਨ ਕਰਕੇ ਅਤੇ ਕਾਲਜ ਬੰਦ ਕਰਕੇ ਵਿਦਿਆਰਥੀਆਂ ਦਾ ਭਵਿੱਖ ਖਤਰੇ ਵਿਚ ਪਾ ਦਿੱਤਾ ਗਿਆ ਹੈ। ਤਰਕਸ਼ੀਲ ਸੁਸਾਇਟੀ ਨੇ ਇਸ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਮੰਗ ਕੀਤੀ ਹੈ ਕਿ ਸਰਕਾਰ ਤੁਰੰਤ ਇਸ ਤੇ ਐਕਸ਼ਨ ਲਵੇ ਅਤੇ ਵਿਦਿਆਰਥੀਆਂ ਦਾ ਭਵਿੱਖ ਤਬਾਹ ਹੋਣ ਤੋਂ ਬਚਾਵੇ, ਇਹ ਕੈਨੇਡਾ ਸਰਕਾਰ ਦੀ ਜ਼ਿੰਮੇਵਾਰੀ ਹੈ। ਤਰਕਸ਼ੀਲ ਸੁਸਾਇਟੀ ਨੂੰ ਮਜ਼ਬੂਤ ਕਰਨ ਲਈ ਹੋਰ ਸੁਯੋਗ ਕਦਮ ਚੁੱਕੇ ਜਾਣ ਦਾ ਵੀ ਫੈਸਲਾ ਲਿਆ ਗਿਆ। ਸੁਸਾਇਟੀ ਪ੍ਰਤੀ ਵਧੇਰੇ ਜਾਣਕਾਰੀ ਲਈ ਬ੍ਰਿਟਿਸ਼ ਕੋਲੰਬੀਆ ਸੂਬੇ ਵਿੱਚ ਕੋਆਰਡੀਨੇਟਰ ਬਾਈ ਅਵਤਾਰ ਨਾਲ 604-728-7011 ਅਤੇ ?ਟਾਰੀ? ਸੂਬੇ ਵਿੱਚ ਬਲਦੇਵ ਰਹਿਪਾ (ਸਹਿ ਕੋਆਰਡੀਨੇਟਰ) ਨਾਲ 416 881 7202 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਕੈਂਡਿਸ ਬਰਗਨ ਬਣੀ ਕੰਜ਼ਰਵੇਟਿਵ ਪਾਰਟੀ ਆਫ ਕੈਨੇਡਾ ਦੀ ਅੰਤ੍ਰਿਮ ਲੀਡਰ

ਸਰੀ, (ਹਰਦਮ ਮਾਨ)- ਕੈਨੇਡਾ ਦੀ ਕੰਜ਼ਰਵੇਟਿਵ ਪਾਰਟੀ ਦੇ ਪਾਰਲੀਮੈਂਟ ਮੈਂਬਰਾਂ ਨੇ ਅੱਜ ਪਾਰਟੀ ਦੇ ਲੀਡਰ ਐਰਿਨ ਓਟੂਲ ਨੂੰ ਪ੍ਰਧਾਨਗੀ ਤੋਂ ਲਾਂਭੇ ਕਰਨ ਉਪਰੰਤ ਮੈਨੀਟੋਬਾ ਤੋਂ ਪਾਰਟੀ ਦੀ ਐਮਪੀ ਕੈਂਡਿਸ ਬਰਗਨ ਨੂੰ ਕੰਜ਼ਰਵੇਟਿਵ ਪਾਰਟੀ ਆਫ ਕੈਨੇਡਾ ਦਾ ਅੰਤ੍ਰਿਮ ਲੀਡਰ ਚੁਣ ਲਿਆ ਹੈ। ਕੈਂਡਿਸ ਬਰਗਨ ਨਵੇਂ ਪ੍ਰਧਾਨ ਦੀ ਚੋਣ ਤੱਕ ਅੰਤ੍ਰਿਮ ਲੀਡਰ ਵਜੋਂ ਕਾਰਜ ਕਰਦੇ ਰਹਿਣਗੇ। ਅੱਜ ਪਾਰਟੀ ਦੇ ਪਾਰਲੀਮੈਂਟ ਮੈਂਬਰਾਂ ਨੇ ਲੀਡਰਸ਼ਿਪ ਨੂੰ ਲੈ ਕੇ ਵੋਟਿੰਗ ਕੀਤੀ ਅਤੇ ਕੁੱਲ 118 ਮੈਂਬਰਾਂ ਵਿੱਚੋਂ 73 ਪਾਰਲੀਮੈਂਟ ਮੈਂਬਰਾਂ ਨੇ ਐਰਿਨ ? ਟੂਲ ਨੂੰ



ਲੀਡਰਸ਼ਿਪ ਤੋਂ ਲਾਂਭੇ ਕਰਨ ਦੇ ਪੱਖ ਵਿਚ ਵੋਟਿੰਗ ਕੀਤੀ ਅਤੇ ਸਿਰਫ਼ 45 ਪਾਰਲੀਮੈਂਟ ਮੈਂਬਰਾਂ ਨੇ ਹੀ ਐਰਿਨ ਓਟੂਲ ਦਾ ਸਾਥ ਦਿੱਤਾ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਸਾਲ 2015 ਵਿਚ ਕੰਜ਼ਰਵੇਟਿਵ ਪਾਰਟੀ ਨੂੰ ਪਾਰਲੀਮੈਂਟ ਚੋਣਾਂ ਵਿੱਚ ਹਾਰ ਮਿਲੀ ਸੀ ਅਤੇ ਉਸ ਸਮੇਂ ਦੇ ਪਾਰਟੀ ਲੀਡਰ ਸਟੀਫਨ ਹਾਰਪਰ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਉਸ ਤੋਂ ਬਾਅਦ ਕੰਜ਼ਰਵੇਟਿਵ ਪਾਰਟੀ ਲਈ ਇਹ ਤੀਜਾ ਮੌਕਾ ਹੈ ਕਿ ਉਸ ਨੂੰ ਆਪਣੇ ਨਵੇਂ ਲੀਡਰ ਦੀ ਭਾਲ ਕਰਨੀ ਪੈ ਰਹੀ ਹੈ। ਹੁਣ ਪਾਰਟੀ ਦੀ ਲੀਡਰਸ਼ਿਪ ਹਥਿਆਉਣ ਲਈ ਪੀਅਰ ਪੌਲੀਐਵਰ, ਲੈਜ਼ਲਿਨ ਲੁਇਸ, ਮਾਈਕਲ ਚੌਂਗ, ਕੈਂਡਿਸ ਬਰਗਨ ਅਤੇ ਮਿਸ਼ੇਲ ਰੈਂਪਲ ਗਾਰਨਰ ਦਾਅਵੇਦਾਰ ਦੱਸੇ ਜਾ ਰਹੇ ਹਨ।

## ਇਸ ਸਾਲ 175 ਹੋਰ ਸਰੀ ਪੁਲਿਸ ਸੇਵਾ ਅਫਸਰ ਤਾਇਨਾਤ ਹੋਣਗੇ-ਨੌਰਮ ਲਿਪਿੰਸਕੀ

ਸਰੀ, (ਹਰਦਮ ਮਾਨ)- ਸਰੀ ਵਿਚ ਮਿਉਂਸਪਲ ਪੁਲਿਸ ਸਰਵਿਸ ਦੀ ਤਬਦੀਲੀ ਦਾ ਕਾਰਜ ਜਾਰੀ ਹੈ ਅਤੇ 2022 ਵਿੱਚ 175 ਹੋਰ ਸਰੀ ਪੁਲਿਸ ਸਰਵਿਸ ਅਫਸਰ ਤਾਇਨਾਤ ਕਰਨ ਦਾ ਟੀਚਾ ਰੱਖਿਆ ਗਿਆ ਹੈ। ਇਹ ਜਾਣਕਾਰੀ ਦਿੰਦਿਆਂ ਸਰੀ ਪੁਲਿਸ ਸਰਵਿਸ ਦੇ ਚੀਫ ਕਾਂਸਟੇਬਲ ਨੌਰਮ ਲਿਪਿੰਸਕੀ ਨੇ ਕਿਹਾ ਹੈ ਕਿ ਇਸ ਨਾਲ 2022 ਦੇ ਅੰਤ ਤੱਕ ਤੈਨਾਤ ਐਸਪੀਐਸ ਅਧਿਕਾਰੀਆਂ ਦੀ ਕੁੱਲ ਗਿਣਤੀ 225 ਹੋ ਜਾਵੇਗੀ। ਚੀਫ ਕਾਂਸਟੇਬਲ ਨੌਰਮ ਲਿਪਿੰਸਕੀ ਨੇ ਕਿਹਾ ਕਿ ਤਿੰਨ ਪੱਧਰ ਦੇ ਚੱਲ ਰਹੇ ਸਰਕਾਰੀ ਸਮਰਥਨ ਨਾਲ ਪੁਲਿਸਿੰਗ ਤਬਦੀਲੀ ਦੀ ਪ੍ਰਕਿਰਿਆ ਲਗਾਤਾਰ ਜਾਰੀ ਹੈ ਅਤੇ ਇਸ ਸਾਲ ਲੋਕਾਂ ਦੀ ਫੋਨ ਕਾਲਾਂ ਦਾ ਜਵਾਬ ਦੇਣ ਅਤੇ ਲੋਕਾਂ ਨਾਲ ਗੱਲਬਾਤ ਕਰਨ ਵਾਲੇ ਸਰੀ ਪੁਲਿਸ ਸਰਵਿਸ ਅਫਸਰਾਂ ਦੀ ਗਿਣਤੀ ਵਿੱਚ ਮਹੱਤਵਪੂਰਨ ਵਾਧਾ ਹੋਵੇਗਾ।



## ਸੁਪਰੀਮ ਕੋਰਟ ਵਲੋਂ ਰੋਡ ਰੇਜ ਮਾਮਲੇ ਵਿਚ ਨਵਜੋਤ ਸਿੱਧੂ ਨੂੰ 25 ਫਰਵਰੀ ਤੱਕ ਰਾਹਤ

ਨਵੀਂ ਦਿੱਲੀ-ਸੁਪਰੀਮ ਕੋਰਟ ਨੇ ਨਵਜੋਤ ਸਿੰਘ ਸਿੱਧੂ ਦੀ ਸ਼ਮੂਲੀਅਤ ਵਾਲੇ 32 ਸਾਲ ਪੁਰਾਣੇ ਰੋਡ ਰੇਜ ਦੇ ਇੱਕ ਮਾਮਲੇ 'ਚ ਸੁਣਵਾਈ 25 ਫਰਵਰੀ ਤੱਕ ਮੁਲਤਵੀ ਕਰ ਦਿੱਤੀ ਹੈ। ਸਿਖਰਲੀ ਅਦਾਲਤ ਨੇ ਕਿਹਾ ਕਿ ਨਵਜੋਤ ਸਿੱਧੂ ਨੂੰ ਮਈ 2018 ਵਿੱਚ ਸੁਣਾਈ ਗਈ ਸਜ਼ਾ 'ਤੇ ਦਾਇਰ ਨਜ਼ਰਸਾਨੀ ਅਪੀਲ ਸੁਣਵਾਈ ਲਈ ਆਸ ਮੁਤਾਬਕ ਸੂਚੀਬੱਧ ਨਹੀਂ ਕੀਤੀ



ਗਈ ਹੈ। ਜਸਟਿਸ ਏ ਐੱਮ ਖਾਨਵਿਲਕਰ ਤੇ ਜਸਟਿਸ ਐੱਸ ਏ ਕੌਲ ਦੇ ਬੈਂਚ ਨੇ ਮਾਮਲੇ ਦੀ ਸੁਣਵਾਈ ਚਾਰ ਹਫ਼ਤਿਆਂ ਲਈ ਅੱਗੇ ਪਾਉਣ ਦੀ ਗੁਜ਼ਾਰਿਸ਼ ਕਰਨ ਵਾਲੀ ਸਿੱਧੂ ਦੇ ਵਕੀਲ ਦੀ ਅਪੀਲ 'ਤੇ ਕਿਹਾ ਕਿ ਅਰਜ਼ੀ ਵਿੱਚ ਕਿਹਾ ਗਿਆ ਹੈ ਕਿ ਮਾਮਲਾ ਅਚਾਨਕ ਸੂਚੀਬੱਧ ਕੀਤਾ ਗਿਆ। ਸੁਣਵਾਈ ਦੌਰਾਨ ਜਸਟਿਸ ਖਾਨਵਿਲਕਰ ਨੇ ਕਿਹਾ,'ਸਾਨੂੰ (ਸੁਣਵਾਈ) ਅੱਗੇ ਪਾਉਣ ਵਿੱਚ ਕੋਈ ਦਿੱਕਤ ਨਹੀਂ ਹੈ ਪਰ ਐਡਵੋਕੇਟ ਨੇ ਅਰਜ਼ੀ ਵਿੱਚ ਕਿਹਾ ਹੈ ਕਿ ਮਾਮਲਾ ਅਚਾਨਕ ਸੂਚੀਬੱਧ ਕੀਤਾ ਗਿਆ ਹੈ।।

## ਮੁੱਖ ਮੰਤਰੀ ਦੇ ਉਮੀਦਵਾਰ ਦੀ ਚੋਣ ਲੋਕ ਕਰਨਗੇ-ਸਿੱਧੂ

ਅੰਮ੍ਰਿਤਸਰ (ਜਗਤਾਰ ਸਿੰਘ ਲਾਂਬਾ)-ਪੰਜਾਬ ਕਾਂਗਰਸ ਵਿੱਚ ਮੁੱਖ ਮੰਤਰੀ ਦੇ ਚਿਹਰੇ ਨੂੰ ਲੈ ਕੇ ਭਖੇ ਮਸਲੇ ਦੌਰਾਨ ਇੱਥੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਆਖਿਆ ਕਿ ਮੁੱਖ ਮੰਤਰੀ ਦੇ ਉਮੀਦਵਾਰ ਦੀ ਚੋਣ ਲੋਕ ਕਰਨਗੇ। ਮਾਤਾ ਵੈਸ਼ਨੋ ਦੇਵੀ ਮੰਦਰ ਵਿੱਚ ਨਤਮਸਤਕ ਹੋਣ ਮਗਰੋਂ ਉਹ ਅੱਜ ਸ਼ਾਮ ਇੱਥੇ ਆਪਣੇ ਹਲਕੇ ਵਿੱਚ ਪੁੱਜੇ ਸਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦਾ ਉਮੀਦਵਾਰ ਚੁਣਨਾ ਨਾ ਜਾਖੜ ਦੇ ਹੱਥ ਹੈ ਅਤੇ ਨਾ ਹੀ ਉਸ ਦੇ (ਮੇਰੇ) ਹੱਥ ਹੈ, ਇਹ ਲੋਕਾਂ ਨੇ ਚੁਣਨਾ ਹੈ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਮੁੜ ਮੁੱਖ ਮੰਤਰੀ ਦਾ ਉਮੀਦਵਾਰ ਮੰਨਣ ਬਾਰੇ ਪੁੱਛੇ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕੋਈ ਹੁੰਗਾਰਾ ਨਹੀਂ ਭਰਿਆ। ਆਪਣੇ ਰੋਹ ਵਾਲੇ ਰਵਾਇਤੀ ਅੰਦਾਜ਼ ਵਿੱਚ ਉਨ੍ਹਾਂ ਹਲਕਾ ਪੂਰਬੀ ਤੋਂ ਅਕਾਲੀ ਉਮੀਦਵਾਰ ਬਿਕਰਮ ਸਿੰਘ ਮਜੀਠੀਆ ਨੂੰ ਨਿਸ਼ਾਨਾ ਬਣਾਇਆ। ਉਨ੍ਹਾਂ ਕਿਹਾ ਕਿ ਮਜੀਠੀਆ ਦਾ ਕੋਈ ਵਜੂਦ ਨਹੀਂ ਹੈ। ਅਜਿਹੇ ਲੋਕਾਂ ਨੂੰ ਲੱਗਦਾ ਹੈ ਕਿ ਜੇਕਰ ਸਿੱਧੂ ਮੁੜ ਸੱਤਾ ਵਿੱਚ ਆ ਗਿਆ ਤਾਂ ਉਹ ਬਦਲਾਅ ਕਰੇਗਾ ਇਸ ਲਈ ਉਸ ਕੋਲੋਂ ਡਰਦੇ ਹਨ। ਉਨ੍ਹਾਂ ਕਿਹਾ ਕਿ ਇਸ ਵੇਲੇ ਮਾਫੀਆ ਰਾਜ ਡਰਿਆ ਅਤੇ ਘਬਰਾਇਆ ਹੋਇਆ ਹੈ, ਜਿਸ ਨੂੰ ਕਾਂਗਰਸ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਮੁਕੰਮਲ ਤੌਰ 'ਤੇ ਖ਼ਤਮ ਕੀਤਾ ਜਾਵੇਗਾ। ਪੰਜਾਬ ਮਾਡਲ ਬਾਰੇ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਨਾਲ ਸੂਬੇ ਵਿੱਚ ਵੱਡੇ ਬਦਲਾਅ ਆਉਣਗੇ ਅਤੇ ਵਿਕਾਸ ਹੋਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਕਾਂਗਰਸ ਇੱਕ ਅਜਿਹਾ ਚੋਣ ਮੈਨੀਫੈਸਟੋ ਦੇਵੇਗੀ, ਜਿਸ ਵਿੱਚ ਹਰ ਵਰਗ ਦੇ ਲੋਕਾਂ ਦੇ ਵਿਕਾਸ ਦਾ ਏਜੰਡਾ ਹੋਵੇਗਾ।




WE HAVE MOVED TO BIGGER & BETTER LOCATION
#208-7110-120TH ST, SURREY

ICBC
NO WIN NO FEE
WE DO HOME & HOSPITAL VISITS

Your Lawyers, Because We Care

- Criminal Law
- Divorce Cases
- Immigration Law
- Notary Services

Singh Thind and Associates
BARRISTERS & SOLICITORS

#208 7110 120TH ST,
SURREY, BC V3W 3M8
Tel: 604.543.3886
Toll Free 1.866.543.3886

WWW.SINGHTHINDLAW.COM



# ਸਾਬਕਾ ਕਾਂਗਰਸੀ ਮੰਤਰੀ ਜਗਮੋਹਨ ਸਿੰਘ ਕੰਗ, ਸਾਬਕਾ ਪ੍ਰਧਾਨ ਹੰਸਪਾਲ ਤੇ ਸਾਬਕਾ ਅਕਾਲੀ ਆਗੂ ਬੱਬੀ ਬਾਦਲ ਆਮ ਆਦਮੀ ਪਾਰਟੀ ਵਿਚ ਸ਼ਾਮਿਲ

ਚੰਡੀਗੜ੍ਹ-ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਜਗਮੋਹਨ ਸਿੰਘ ਕੰਗ ਤੋਂ ਬਾਅਦ ਪੰਜਾਬ ਦੀ ਰਾਜਨੀਤੀ ਵਿੱਚ ਵੱਡਾ ਧਮਾਕਾ ਕਰਦਿਆਂ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਐੱਚ ਐੱਸ ਹੰਸਪਾਲ (ਨਾਮਧਾਰੀ ਸੰਪਰਦਾ ਦੇ ਆਗੂ), ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਸੂਬਾ ਜਨਰਲ ਸਕੱਤਰ ਹਰਸੁਖਇੰਦਰ ਸਿੰਘ ਬੱਬੀ ਬਾਦਲ ਅਤੇ ਬੈਂਕ ਮੁਲਾਜ਼ਮ ਯੂਨੀਅਨ ਦੇ ਕੌਮੀ ਆਗੂ ਕੇ ਕੇ ਸਹਿਗਲ ਅੱਜ ਆਪਣੇ ਸਾਥੀਆਂ ਸਮੇਤ ਆਮ ਆਦਮੀ ਪਾਰਟੀ (ਆਪ) ਵਿੱਚ ਸ਼ਾਮਲ ਹੋ ਗਏ ਹਨ। ਇੱਥੋਂ ਦੇ ਫੇਜ਼-6 ਸਥਿਤ ਪਾਰਟੀ ਦੇ ਮੁੱਖ ਦਫ਼ਤਰ ਵਿੱਚ ਸੰਸਦ ਮੈਂਬਰ ਭਗਵੰਤ ਮਾਨ ਅਤੇ ਪੰਜਾਬ ਮਾਮਲਿਆਂ ਦੇ ਸਹਿ-ਇੰਚਾਰਜ ਰਾਘਵ ਚੱਢਾ ਨੇ ਉਕਤ ਆਗੂਆਂ ਦਾ ਨਿੱਘਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਪਾਰਟੀ ਵਿੱਚ ਬਣਦਾ ਮਾਣ-ਸਨਮਾਨ ਦੇਣ ਦਾ ਭਰੋਸਾ ਦਿੱਤਾ। ਜਾਣਕਾਰੀ ਅਨੁਸਾਰ ਹੰਸਪਾਲ ਪਿਛਲੇ ਕਾਫ਼ੀ ਸਮੇਂ ਤੋਂ ਕਾਂਗਰਸ ਤੋਂ ਨਾਰਾਜ਼ ਚੱਲ ਰਹੇ ਸਨ ਜਦੋਂਕਿ ਬੱਬੀ ਬਾਦਲ ਮੁਹਾਲੀ ਵਿੱਚ ਢੀਂਡਸਾ ਦਲ ਦੇ ਉਮੀਦਵਾਰ ਵਜੋਂ ਵਿਚਰ ਰਹੇ ਸਨ ਪਰ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪਾਰਟੀ ਪੰਜਾਬ ਲੋਕ ਕਾਂਗਰਸ, ਭਾਜਪਾ ਅਤੇ ਢੀਂਡਸਾ ਦਲ ਦੇ ਗੱਠਜੋੜ ਨੇ ਮੁਹਾਲੀ ਸੀਟ ਭਾਜਪਾ ਲਈ ਛੱਡ ਦਿੱਤੀ ਸੀ ਜਿਸ ਕਾਰਨ ਉਹ ਕਾਫ਼ੀ ਨਾਰਾਜ਼ ਸਨ ਅਤੇ ਅੱਜ ਉਨ੍ਹਾਂ ਨੇ ਝਾੜੂ ਚੁੱਕ ਲਿਆ। ਇੰਜ ਹੀ ਖਰੜ ਤੋਂ ਟਿਕਟ ਕੱਟੇ ਜਾਣ ਕਾਰਨ ਜਗਮੋਹਨ ਕੰਗ ਨੇ ਕਾਂਗਰਸ ਛੱਡ ਕੇ 'ਆਪ' ਦਾ ਪੱਲਾ ਫੜ ਲਿਆ ਹੈ। ਇਸ ਮੌਕੇ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਦੇ ਹਿਤੈਸ਼ੀ ਉਕਤ ਆਗੂਆਂ ਦਾ 'ਆਪ' ਵਿੱਚ ਸ਼ਾਮਲ ਹੋਣਾ ਸਿੱਧ ਕਰਦਾ ਹੈ ਕਿ ਪੰਜਾਬ ਵਿੱਚ ਸਿਆਸੀ ਤਬਦੀਲੀ ਦੀ ਤੇਜ਼ ਹਵਾ ਨਹੀਂ ਸਗੋਂ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਹਨੇਰੀ ਚੱਲ ਰਹੀ ਹੈ।

# ਅਕਾਲੀ ਦਲ ਤੇ ਝੂਠੇ ਦੋਸ਼ ਲਗਾਉਣ ਵਾਲੀ ਕਾਂਗਰਸ ਦੇ ਰਾਜ ਵਿਚ ਨਸ਼ੇ ਦੇ ਵਪਾਰੀਆਂ ਦਾ ਬੋਲਬਾਲਾ-ਸੁਖਬੀਰ ਸਿੰਘ ਬਾਦਲ

ਸੰਗਤ ਮੰਡੀ-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਕਾਂਗਰਸ ਪਾਰਟੀ ਦੇ ਰਾਜ ਵਿੱਚ ਨਸ਼ੇ ਅਤੇ ਗੈਂਗਸਟਰ ਵਧੇ ਹਨ ਜਦੋਂਕਿ ਪੰਜਾਬ ਵਿੱਚ ਸਭ ਤੋਂ ਵੱਧ ਵਿਕਾਸ ਸ਼੍ਰੋਮਣੀ ਅਕਾਲੀ ਦਲ ਸਮੇਂ ਹੀ ਹੋਇਆ। ਉਨ੍ਹਾਂ ਕਿਹਾ ਕਿ ਕੈਪਟਨ ਸਰਕਾਰ ਨੇ ਝੂਠੀ ਸਹੁੰ ਖਾ ਕੇ ਲੋਕਾਂ ਨਾਲ ਵਾਅਦੇ ਕੀਤੇ ਜੋ ਪੂਰੇ ਨਹੀਂ ਹੋਏ। ਕਾਂਗਰਸ ਨੇ ਪੰਜਾਬ ਨੂੰ ਬਰਬਾਦੀ ਵੱਲ ਧੱਕ ਦਿੱਤਾ ਹੈ। ਇਸ ਸਮੇਂ ਪੰਜਾਬ ਵਿੱਚ ਨਸ਼ਿਆਂ ਦੇ ਵਪਾਰੀਆਂ ਦਾ ਬੋਲਬਾਲਾ ਹੈ। ਉਨ੍ਹਾਂ ਕਾਂਗਰਸੀ ਵਿਧਾਇਕ 'ਤੇ ਵਰ੍ਹਦਿਆਂ ਕਿਹਾ ਕਿ ਉਸ ਨੇ ਹਲਕੇ ਵਿੱਚ ਵੱਡੇ ਪੱਧਰ 'ਤੇ ਨਸ਼ੇ ਵਿਕਵਾਏ ਹਨ। ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਪੰਜ ਸਾਲ ਦੇ ਰਾਜਕਾਲ ਦੌਰਾਨ ਸਿੱਧੂ ਜਾਂ ਚੰਨੀ ਵਰਗਿਆਂ ਨੇ ਹਲਕੇ ਵਿੱਚ ਕਦੇ ਪੈਰ ਨਹੀਂ ਧਰਿਆ, ਜਦੋਂ ਕਿ ਪੰਜਾਬ ਦੇ ਪੰਜ ਵਾਰ ਮੁੱਖ ਮੰਤਰੀ ਰਹੇ ਪ੍ਰਕਾਸ਼ ਸਿੰਘ ਬਾਦਲ ਨੇ ਟਿੱਬਿਆਂ ਵਾਲੇ ਇਸ ਹਲਕੇ ਨੂੰ ਹਰਿਆਲਾ ਬਣਾ ਦਿੱਤਾ ਹੈ। ਉਨ੍ਹਾਂ ਕੇਜਰੀਵਾਲ 'ਤੇ ਝੂਠ ਬੋਲਣ ਦੇ ਦੋਸ਼ ਲਾਏ। ਉਨ੍ਹਾਂ ਕਿਹਾ ਕਿ ਕੇਜਰੀਵਾਲ ਪੰਜਾਬ ਵਿੱਚ ਲੋਕਾਂ ਨੂੰ ਵੱਡੀਆਂ ਸਹੂਲਤਾਂ ਦੇਣ ਦੇ ਵਾਅਦੇ ਕਰਕੇ ਸੱਤਾ ਹਥਿਆਉਣਾ ਚਾਹੁੰਦਾ ਹੈ। ਉਨ੍ਹਾਂ ਆਪਣੇ ਨਾਨਕਿਆਂ ਦੇ ਹਲਕੇ ਦਾ ਵਾਸਤਾ ਪਾ ਕੇ ਸ਼੍ਰੋਮਣੀ ਅਕਾਲੀ ਦਲ-ਬਸਪਾ ਗਠਜੋੜ ਦੇ ਉਮੀਦਵਾਰ ਦਰਸ਼ਨ ਸਿੰਘ ਕੋਟਫੱਤਾ ਨੂੰ ਸਫ਼ਲ ਬਣਾਉਣ ਦੀ ਅਪੀਲ ਕੀਤੀ। ਸੁਖਬੀਰ ਬਾਦਲ ਨੇ ਲੋਕਾਂ ਨਾਲ ਵੱਡੇ ਵੱਡੇ ਵਾਅਦੇ ਵੀ ਕੀਤੇ।

# ਭਾਰਤ ਸਰਕਾਰ ਵਲੋਂ ਕੈਨੇਡਾ ਵਿਚ ਖਾਲਿਸਤਾਨ ਪੱਖੀ ਤੱਤਾਂ ਵਲੋਂ ਭਾਰਤ ਵਿਰੋਧੀ ਭਾਵਨਾਵਾਂ ਭੜਕਾਉਣ ਦੇ ਦੋਸ਼

ਨਵੀਂ ਦਿੱਲੀ-ਵਿਦੇਸ਼ ਰਾਜ ਮੰਤਰੀ ਵੀ. ਮੁਰਲੀਧਰਨ ਨੇ ਰਾਜ ਸਭਾ ਵਿੱਚ ਇਕ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਕੈਨੇਡਾ ਵਿੱਚ ਖ਼ਾਲਿਸਤਾਨ ਪੱਖੀ ਤੱਤਾਂ ਦਾ ਛੋਟਾ ਸਮੂਹ ਭਾਰਤ ਵਿਰੋਧੀ ਭਾਵਨਾਵਾਂ ਭੜਕਾ ਰਿਹਾ ਹੈ ਅਤੇ ਕੇਂਦਰ ਸਰਕਾਰ ਇਸ ਮੁੱਦੇ 'ਤੇ ਕੈਨੇਡਾ ਦੇ ਸੰਪਰਕ ਵਿੱਚ ਹੈ। ਉਨ੍ਹਾਂ ਉਪਰਲੇ ਸਦਨ ਨੂੰ ਦੱਸਿਆ ਕਿ ਦੋਵਾਂ ਮੁਲਕਾਂ ਦੀਆਂ ਸਰਕਾਰਾਂ ਨੇ ਦੁਵੱਲੇ ਸਬੰਧਾਂ ਦੇ ਆਧਾਰ 'ਤੇ ਭਾਰਤ ਤੇ ਕੈਨੇਡਾ ਦੀ ਪ੍ਰਭੁਸੱਤਾ, ਏਕਤਾ ਤੇ ਪ੍ਰਾਦੇਸ਼ਿਕ ਅਖੰਡਤਾ ਦੇ ਸਤਿਕਾਰ ਲਈ ਮੌਲਿਕ ਸਿਧਾਂਤਾਂ ਨੂੰ ਮਾਨਤਾ ਦਿੱਤੀ ਹੈ। ਮੁਰਲੀਧਰਨ ਨੇ ਕਿਹਾ ਕਿ ਕੈਨੇਡਾ ਵਿੱਚ ਰਹਿੰਦੇ ਭਾਰਤੀ ਮੂਲ ਦੇ ਬਹੁਗਿਣਤੀ ਲੋਕਾਂ ਦੀ ਭਾਰਤ ਨਾਲ ਨਿੱਘੀ ਭਾਵੁਕ ਸਾਂਝ ਹੈ ਤੇ ਉਹ ਭਾਰਤ ਤੇ ਕੈਨੇਡਾ ਦਰਮਿਆਨ ਸਬੰਧਾਂ ਦੀ ਬਿਹਤਰੀ ਲਈ ਕੰਮ ਕਰ ਰਹੇ ਹਨ।" ਉਨ੍ਹਾਂ ਕਿਹਾ, "ਕੈਨੇਡਾ ਵਿੱਚ ਕੁਝ ਖ਼ਾਲਿਸਤਾਨ ਪੱਖੀ ਛੋਟੇ ਸਮੂਹ ਹਨ, ਜੋ ਆਪਣੇ ਕੱਟੜਵਾਦੀ ਬਿਆਨਾਂ ਤੇ ਸਰਗਰਮੀਆਂ ਨਾਲ ਭਾਰਤ ਵਿਰੋਧੀ ਭਾਵਨਾਵਾਂ ਨੂੰ ਭੜਕਾ ਰਹੇ ਹਨ।" ਵਿਦੇਸ਼ ਰਾਜ ਮੰਤਰੀ ਨੇ ਕਿਹਾ, "ਕੱਟੜਵਾਦੀ ਅਨਸਰਾਂ ਵੱਲੋਂ ਕੀਤੀਆਂ ਜਾਂਦੀਆਂ ਭਾਰਤ ਵਿਰੋਧੀ ਸਰਗਰਮੀਆਂ ਬਾਰੇ ਆਪਣੇ ਫ਼ਿਕਰਾਂ ਨੂੰ ਮੁਖਾਤਿਬ ਹੋਣ ਲਈ ਭਾਰਤ ਸਰਕਾਰ ਨੇ ਆਪਣੇ ਕੈਨੇਡਿਆਈ ਹਮਰੁਤਬਾਵਾਂ ਨਾਲ ਨੇੜਿਓਂ ਰਾਬਤਾ ਬਣਾਇਆ ਹੋਇਆ ਹੈ।" ਮੁਰਲੀਧਰਨ ਨੇ ਕਿਹਾ ਕਿ ਸਰਕਾਰ ਕੈਨੇਡਾ ਵਿੱਚ ਰਹਿੰਦੇ ਭਾਰਤੀਆਂ ਦੇ ਸੰਪਰਕ ਵਿੱਚ ਹੈ ਤੇ ਭਾਈਚਾਰੇ ਨਾਲ ਮਜ਼ਬੂਤ ਸਾਂਝ ਬਣਾ ਕੇ ਰੱਖਣ ਲਈ ਲਗਾਤਾਰ ਯਤਨ ਕਰਨਾ, ਉਸ ਦੀ ਨੀਤੀ ਦਾ ਹਿੱਸਾ ਹੈ।

# ਆਮ ਆਦਮੀ ਪਾਰਟੀ ਦੇ ਆਗੂ ਕੈਪਟਨ ਬਿਕਰਮ ਸਿੰਘ ਪਹੁਵਿੰਡ ਅਕਾਲੀ ਦਲ ਚ ਸ਼ਾਮਿਲ

ਅੰਮ੍ਰਿਤਸਰ-ਆਮ ਆਦਮੀ ਪਾਰਟੀ ਦੇ ਮੁੱਢਲੇ ਮੈਂਬਰਾਂ 'ਚ ਸ਼ਾਮਲ ਕੈਪਟਨ ਬਿਕਰਮ ਸਿੰਘ ਪਹੁਵਿੰਡ ਤੇ ਹੋਰ ਸੀਨੀਅਰ ਆਗੂ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ ਹੋ ਗਏ। ਇਹ ਆਗੂ ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਹਾਜ਼ਰੀ ਵਿੱਚ ਅਕਾਲੀ ਦਲ ਵਿਚ ਸ਼ਾਮਲ ਹੋਏ। ਅਕਾਲੀ ਦਲ ਵਿਚ ਸ਼ਾਮਲ ਹੋਣ ਵਾਲਿਆਂ ਵਿਚ 'ਆਪ ਆਗੂ ਕੈਪਟਨ ਬਿਕਰਮ ਸਿੰਘ ਪਹੁਵਿੰਡ, ਜੈਦੀਪ ਸਿੰਘ, ਅਮਰ ਮਸੀਹ ਤੇ ਸਾਥੀ ਸ਼ਾਮਲ ਸਨ। ਸ੍ਰੀ ਮਜੀਠੀਆ ਨੇ ਦੱਸਿਆ ਕਿ ਕੈਪਟਨ 'ਆਪ' ਦੇ ਸੰਸਥਾਪਕ ਮੈਂਬਰ ਹਨ। ਉਨ੍ਹਾਂ ਦੱਸਿਆ ਕਿ ਕੈਪਟਨ ਬਿਕਰਮ ਨੂੰ ਅਕਾਲੀ ਦਲ ਦਾ ਬੁਲਾਰਾ ਅਤੇ ਪਾਰਟੀ ਦਾ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। 'ਆਪ' ਦੇ ਯੂਥ ਵਿੰਗ ਦੇ ਮੀਤ ਪ੍ਰਧਾਨ ਜੈਦੀਪ ਸਿੰਘ ਨੂੰ ਰਾਜਾਸਾਂਸੀ ਤੋਂ ਪਾਰਟੀ ਟਿਕਟ ਦੇਣ ਦਾ ਵਾਅਦਾ ਕੀਤਾ ਸੀ ਪਰ ਆਖਰੀ ਮੌਕੇ ਨਾਂਹ ਕਰ ਦਿੱਤੀ ਗਈ।

# ਰਾਮੂਵਾਲੀਆ ਨੇ ਮਾਂਟਰੀਅਲ ਦੇ ਤਿੰਨ ਕਾਲਜਾਂ ਵਲੋਂ ਭਾਰਤੀ ਵਿਦਿਆਰਥੀਆਂ ਨਾਲ ਮਾਰੀ ਠੱਗੀ ਦਾ ਮੁੱਦਾ ਉਠਾਇਆ



ਨਵੀਂ ਦਿੱਲੀ-ਸਾਬਕਾ ਕੇਂਦਰੀ ਮੰਤਰੀ ਤੇ ਸਮਾਜਵਾਦੀ ਪਾਰਟੀ ਦੇ ਆਗੂ ਬਲਵੰਤ ਸਿੰਘ ਰਾਮੂਵਾਲੀਆ ਨੇ ਕੈਨੇਡਾ ਦੇ ਮਾਂਟਰੀਅਲ 'ਚ ਤਿੰਨ ਕਾਲਜਾਂ ਵੱਲੋਂ ਹਜ਼ਾਰਾਂ ਵਿਦਿਆਰਥੀਆਂ ਨਾਲ ਠੱਗੀ ਮਾਰਨ ਦਾ ਮੁੱਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੱਕ ਪਹੁੰਚਾਇਆ ਹੈ। ਸ੍ਰੀ ਰਾਮੂਵਾਲੀਆ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਲਿਖਿਆ, "ਪਿਛਲੇ ਕੁੱਝ ਸਮੇਂ ਤੋਂ ਧੋਖੇਬਾਜ਼ ਏਜੰਟਾਂ (ਜੋ ਭਾਰਤੀ ਮੂਲ ਦੇ ਹਨ) ਵੱਲੋਂ ਕੈਨੇਡਾ ਦੇ ਸ਼ਹਿਰ ਮਾਂਟਰੀਅਲ (ਕਿਊਬਿਕ ਪ੍ਰਦੇਸ਼) 'ਚ ਹਜ਼ਾਰਾਂ ਪੰਜਾਬੀ ਵਿਦਿਆਰਥੀਆਂ ਨਾਲ ਧੋਖਾ ਕਰ ਕੇ ਪੈਸੇ ਠੱਗੇ ਹਨ। ਉਨ੍ਹਾਂ ਨੇ ਵਿਦਿਆਰਥੀਆਂ ਤੋਂ ਭਾਰੀ ਰਕਮਾਂ ਵਸੂਲ ਕੀਤੀਆਂ ਤੇ ਝੂਠੇ ਭਰੋਸੇ ਦਿੱਤੇ ਕਿ ਉਹ ਵਿਦਿਆਰਥੀਆਂ ਨੂੰ ਹੁਨਰਮੰਦ ਉੱਚ ਵਿੱਦਿਆ ਦੀਆਂ ਡਿਗਰੀਆਂ ਦੇਣਗੇ। ਜਿਸ ਨਾਲ ਉਹ ਕੈਨੇਡਾ 'ਚ ਪੱਕੇ ਇਮੀਗ੍ਰੇਂਟ ਬਣ ਜਾਣਗੇ। ਇਸ ਤਰ੍ਹਾਂ ਉਨ੍ਹਾਂ ਏਜੰਟਾਂ ਨੇ ਪੰਜਾਬੀ ਵਿਦਿਆਰਥੀਆਂ ਤੋਂ 45 ਮਿਲੀਅਨ ਕੈਨੇਡੀਅਨ ਡਾਲਰ ਠੱਗ ਲਏ ਤੇ ਹੁਣ ਬੱਚਿਆਂ ਨੂੰ ਕਹਿ ਦਿੱਤਾ ਗਿਆ ਹੈ ਕਿ ਉਨ੍ਹਾਂ ਦੀਆਂ ਸੰਸਥਾਵਾਂ ਵਿੱਤੀ ਸੰਕਟ 'ਚ ਫਸ ਗਈਆਂ ਹਨ"। ਸ੍ਰੀ ਰਾਮੂਵਾਲੀਆ ਅਨੁਸਾਰ ਉਪਰੋਕਤ ਕਾਲਜ ਹੁਣ ਵਿਦਿਆਰਥੀਆਂ ਨੂੰ ਹੋਰ ਕਾਲਜਾਂ ਵਿੱਚ ਪੜ੍ਹਾਈ ਕਰਨ ਲਈ ਆਖ ਰਹੇ ਹਨ ਤੇ ਉਹ ਸਿਰਫ਼ ਕਾਲਜਾਂ ਦੇ ਵਿਦਿਆਰਥੀ ਹੋਣ ਦਾ ਪ੍ਰਮਾਣ ਪੱਤਰ ਦੇਣ ਤੋਂ ਵੱਧ ਹੋਰ ਕੁਝ (ਰਕਮ ਆਦਿ) ਨਹੀਂ ਦੇ ਸਕਦੇ। ਉਨ੍ਹਾਂ ਮੰਗ ਕੀਤੀ ਕਿ ਸ੍ਰੀ ਮੋਦੀ ਕੈਨੇਡਾ ਵਿਚਲੇ ਭਾਰਤੀ ਦੂਤਾਵਾਸ ਨੂੰ ਹੁਕਮ ਦੇਣ ਕਿ ਉਹ ਇਨ੍ਹਾਂ ਵਿਦਿਆਰਥੀਆਂ ਨੂੰ ਸੰਕਟ ਵਿੱਚੋਂ ਕੱਢਣ ਤੇ ਉਨ੍ਹਾਂ ਦੇ ਪੈਸੇ ਵਾਪਿਸ ਕਰਵਾਉਣ।

idea immigration
SUPER VISAS & PNPs
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ




• Specialist in marriage appeals & residency appeals
• Under express entry program applicant can come to Canada within 6 month. For assessments you can visit or call.
• Immigration under investment programme

• ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
• 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
• ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪ੍ਰੋਗਰਾਮ 'ਚ ਤਬਦੀਲੀਆਂ

ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ

ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।

ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।

Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com

OASIS WINDOWS INC.
* Quality Products * Superior Service.
Attractive, Energy Efficient And Quality Windows For Your Dream Home Or Housing Projects Or For Renovation
• VINYL WINDOWS • CUSTOM MADE TO YOUR SPECIFICATIONS
• GARDEN WINDOWS • PATIO DOORS & SKYLIGHTS • FREE ESTIMATES




"We are not satisfied until you are"
Phone: (604) 597 - 5033 Fax: (604) 597 - 5029
Tollfree: 1-800-665-2350
19025-52nd Ave., Surrey, BC
Serving Alberta, British Columbia, Washington & California Since 1989
www.oasiswindows.com

# ਪ੍ਰਸਿਧ ਸਾਹਿਤਕਾਰ ਡਾ: ਗੁਰਬਖ਼ਸ਼ ਸਿੰਘ ਭੰਡਾਲ ਨਾਲ ਵਿਸ਼ੇਸ਼ ਸਾਹਿਤਕ ਮਿਲਣੀ

ਸਰੀ, (ਹਰਦਮ ਮਾਨ)-ਗੁਲਾਟੀ ਪਬਲਿਸ਼ਰਜ਼ ਲਿਮਟਿਡ ਸਰੀ ਵੱਲੋਂ ਵੈਨਕੂਵਰ ਵਿਚਾਰ ਮੰਚ ਦੇ ਸਹਿਯੋਗ ਨਾਲ ਪੰਜਾਬੀ ਦੇ ਪ੍ਰਸਿੱਧ ਸਾਹਿਤਕਾਰ ਡਾ। ਗੁਰਬਖ਼ਸ਼ ਸਿੰਘ ਭੰਡਾਲ ਨਾਲ ਸਰੀ ਵਿਖੇ ਵਿਸ਼ੇਸ਼ ਸਾਹਿਤਕ ਮਿਲਣੀ ਰਚਾਈ ਗਈ ਅਤੇ ਇਸ ਮੌਕੇ ਉਨ੍ਹਾਂ ਦੀ ਇਹ ਪੁਸਤਕ "ਕਾਇਆ ਤੇ ਕੈਨਵਸ" ਰਿਲੀਜ਼ ਕੀਤੀ ਗਈ। ਮੀਟਿੰਗ ਦਾ ਸੰਚਾਲਨ ਕਰਦਿਆਂ ਸ਼ਾਇਰ ਮੋਹਨ ਗਿੱਲ ਨੇ ਡਾ। ਗੁਰਬਖ਼ਸ਼ ਸਿੰਘ ਭੰਡਾਲ ਦੇ ਅਧਿਆਪਨ ਅਤੇ ਸਾਹਿਤਕ ਕਾਰਜ ਬਾਰੇ ਵਿਸ਼ੇਸ਼ ਚਾਨਣਾ ਪਾਇਆ। ਉਨ੍ਹਾਂ ਦੱਸਿਆ ਕਿ ਡਾ। ਭੰਡਾਲ ਨੇ ਲਗਾਤਾਰ 30 ਸਾਲ ਪੰਜਾਬ ਵਿਚ ਕਾਲਜ ਵਿਦਿਆਰਥੀਆਂ ਨੂੰ ਗਿਆਨ ਦਾ ਚਾਨਣ ਵੰਡਿਆ ਤੇ ਉਸ ਤੋਂ ਬਾਅਦ ਉਨ੍ਹਾਂ ਕੈਨੇਡਾ ਆ ਕੇ ਪੰਜਾਬੀ ਪੱਤਰਕਾਰੀ ਲਈ ਵੀ ਵਿਸੇਸ਼ ਕਾਰਜ ਕੀਤਾ। ਲਗਾਤਾਰ ਛੇ ਸਾਲ ਪੱਤਰਕਾਰੀ ਦਾ ਕਾਰਜ ਕਰਨ ਉਪਰੰਤ ਉਹ ਅਮਰੀਕਾ ਚਲੇ ਗਏ ਅਤੇ ਹੁਣ ਪਿਛਲੇ 5 ਸਾਲ ਤੋਂ ਅਮਰੀਕਾ ਦੀ ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਨੂੰ ਗਿਆਨ ਪ੍ਰਦਾਨ ਕਰ ਰਹੇ ਹਨ। ਡਾ: ਭੰਡਾਲ ਨੇ ਆਪਣੇ ਸਾਹਿਤਕ ਕਾਰਜ ਬਾਰੇ ਗੱਲਬਾਤ ਕਰਦਿਆਂ ਦੱਸਿਆ ਕਿ ਕੋਈ ਵੀ ਰਚਨਾ ਦੀ ਸਿਰਜਣ ਪ੍ਰਕਿਰਿਆ ਸਮੇਂ ਉਨ੍ਹਾਂ ਦਾ ਵਿਸ਼ੇਸ਼ ਫੋਕਸ ਹੁੰਦਾ ਹੈ ਕਿ ਕੁਝ ਨਿਵੇਕਲਾ ਲਿਖਿਆ ਜਾਵੇ। ਉਨ੍ਹਾਂ ਇਸ ਸਬੰਧੀ ਆਪਣੀਆਂ ਕੁਝ ਰਚਨਾਵਾਂ ਦੀਆਂ ਉਦਾਹਰਣਾਂ ਵੀ ਦਿੱਤੀਆਂ। ਉਨ੍ਹਾਂ ਭਾਰਤ, ਕੈਨੇਡਾ ਅਤੇ ਅਮਰੀਕਾ ਵਿਚਲੇ ਵਿਦਅਕ ਖੇਤਰਾਂ ਬਾਰੇ ਆਪਣੇ ਅਨੁਭਵ ਸਾਂਝੇ ਕੀਤੇ। ਉਨ੍ਹਾਂ ਵਿਸ਼ੇਸ਼ ਤੌਰ ਤੇ ਕਿਹਾ ਕਿ ਅਸੀਂ ਬੇਸ਼ੱਕ ਵਿਕਸਤ ਮੁਲਕਾਂ ਵਿਚ ਆ ਗਏ ਹਾਂ ਪਰ ਸਾਡੇ ਭਾਈਚਾਰੇ ਵਿਚ ਉੱਚ ਵਿਦਿਆ ਹਾਸਲ ਦੀ ਅਜੇ ਵੀ ਬਹੁਤੀ ਦਿਲਚਸਪੀ ਨਹੀਂ ਹੈ। ਅਸੀਂ ਕੈਨੇਡਾ, ਅਮਰੀਕਾ ਆ ਕੇ ਵੱਡੇ ਵੱਡੇ ਕਾਰੋਬਾਰ ਸਥਾਪਿਤ ਕਰ ਲਏ, ਮਹਿਲ-ਨੁਮਾ ਘਰ ਉਸਾਰ ਲਏ, ਰਾਜਨੀਤੀ ਵਿਚ ਵੱਡੇ ਪੱਧਰ ਤੇ ਸ਼ਮੂਲੀਅਤ ਕਰ ਲਈ ਪਰ ਦੁੱਖ ਦੀ ਗੱਲ ਹੈ ਕਿ ਅੱਜ ਵੀ ਮੈਡੀਕਲ ਖੇਤਰ ਵਿਚ ਸਾਡਾ ਯੋਗਦਾਨ ਨਾਂਹ ਦੇ ਬਰਾਬਰ ਹੈ। ਅਸੀਂ ਡੈਂਟਲ ਸਰਜਨ, ਅੱਖਾਂ ਦੇ ਮਾਹਿਰ ਅਤੇ ਹੋਰ ਵੱਡੇ ਡਾਕਟਰ ਆਪਣੀ ਕਮਿਊਨਿਟੀ ਵਿੱਚੋਂ ਪੈਦਾ ਨਹੀਂ ਕਰ ਸਕੇ ਅਤੇ ਨਾ ਹੀ ਸਰਕਾਰੀ ਖੇਤਰ ਦੀਆਂ ਨੌਕਰੀਆਂ ਵਿਚ ਸਾਡੀ ਕੋਈ ਖਾਸ ਪ੍ਰਾਪਤੀ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਹੁਣ ਸਾਨੂੰ ਇਨ੍ਹਾਂ ਖੇਤਰਾਂ ਵਿਚ ਆਪਣੀ ਭਾਈਵਾਲੀ ਬਣਾਉਣ ਲਈ ਕਾਰਜਸ਼ੀਲ ਹੋਣਾ ਚਾਹੀਦਾ ਹੈ। ਇਸ ਮਿਲਣੀ ਸਮੇਂ ਉੱਘੇ ਵਿਦਵਾਨ ਡਾ। ਸਾਧੂ ਸਿੰਘ, ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ, ਨਾਮਵਰ ਗ਼ਜ਼ਲਗੋ ਜਸਵਿੰਦਰ, ਜਰਨਲਿਸਟ ਸੁਰਿੰਦਰ ਚਾਹਲ, ਹਰਦਮ ਸਿੰਘ ਮਾਨ, ਸਤੀਸ਼ ਗੁਲਾਟੀ, ਨਵਰੂਪ ਸਿੰਘ ਐਬਟਸਫੋਰਡ ਵੀ ਹਾਜਰ ਸਨ।




## ਅਕਾਲੀ ਦਲ ਦੇ ਆਗੂ ਦਰਬਾਰਾ ਸਿੰਘ ਗੁਰੂ ਵਲੋਂ ਸਾਰੇ ਅਹੁਦਿਆਂ ਤੋ ਅਸਤੀਫਾ

ਬਰਨਾਲਾ-ਸ਼੍ਰੋਮਣੀ ਅਕਾਲੀ ਦਲ ਨੂੰ ਉਸ ਵੇਲੇ ਝਟਕਾ ਲੱਗਾ ਜਦੋਂ ਸਾਬਕਾ ਸੀਨੀਅਰ ਆਈਏਐੱਸ ਅਧਿਕਾਰੀ ਦਰਬਾਰਾ ਸਿੰਘ ਗੁਰੂ ਨੇ ਪਾਰਟੀ ਦੇ ਸਾਰੇ ਅਹੁਦਿਆਂ ਸਮੇਤ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਦਿੱਤਾ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਬੇਹੱਦ ਭਰੋਸੇਯੋਗ ਮੰਨੇ ਜਾਂਦੇ ਦਰਬਾਰਾ ਸਿੰਘ ਗੁਰੂ ਨੇ ਐੱਸਜੀਪੀਸੀ ਅਧੀਨ ਗੁਰੂ ਗ੍ਰੰਥ ਸਾਹਿਬ ਮੈਮੋਰੀਅਲ ਟਰੱਸਟ ਫ਼ਤਿਹਗੜ੍ਹ ਸਾਹਿਬ ਦੇ ਮੈਂਬਰ ਸਕੱਤਰ ਦੇ ਅਹੁਦੇ ਤੋਂ ਵੀ ਅਸਤੀਫ਼ਾ ਐੱਸਜੀਪੀਸੀ ਪ੍ਰਧਾਨ ਨੂੰ ਭੇਜ ਦਿੱਤਾ ਹੈ। ਇਹ ਵੀ ਚਰਚਾਵਾਂ ਹਨ ਕਿ ਉਹ ਭਲਕੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਹੇਠ ਕਾਂਗਰਸ ਦਾ 'ਹੱਥ' ਫੜਨਗੇ, ਜਿਸ ਨਾਲ ਭਦੌੜ ਹਲਕੇ ਤੋਂ ਚੋਣ ਲੜ ਰਹੇ ਚੰਨੀ ਦੀ ਮੁਹਿੰਮ ਨੂੰ ਵੀ ਹੋਰ ਹੁਲਾਰਾ ਮਿਲੇਗਾ ਕਿਉਂਕਿ ਗੁਰੂ ਦਾ ਜੱਦੀ ਪਿੰਡ ਖੁੱਡੀ ਖੁਰਦ ਇਸੇ ਹਲਕੇ ਵਿੱਚ ਪੈਂਦਾ ਹੈ।

## ਸਾਬਕਾ ਸੰਸਦ ਮੈਂਬਰ ਡਾ: ਗਾਂਧੀ ਵੱਲੋਂ ਸਿੱਧੂ ਦੀ ਹਮਾਇਤ ਦਾ ਐਲਾਨ

ਪਟਿਆਲਾ-ਸਾਬਕਾ ਸੰਸਦ ਮੈਂਬਰ ਧਰਮਵੀਰ ਗਾਂਧੀ ਵੱਲੋਂ ਨਵਜੋਤ ਸਿੱਧੂ ਨੂੰ ਖੁੱਲ੍ਹੀ ਹਮਾਇਤ ਦੇਣ ਦਾ ਐਲਾਨ ਕੀਤਾ ਗਿਆ ਹੈ। ਧਰਮਵੀਰ ਗਾਂਧੀ ਨੇ ਫੇਸਬੁੱਕ 'ਤੇ ਇੱਕ ਪੋਸਟ ਸਾਂਝੀ ਕਰਦਿਆਂ ਲਿਖਿਆ ਕਿ ਮਾਫ਼ੀਆ ਵੱਲੋਂ ਨਵਜੋਤ ਸਿੱਧੂ ਨੂੰ ਸਿਆਸੀ ਤੌਰ 'ਤੇ ਖ਼ਤਮ ਕਰਨ ਦੀ ਕੋਸ਼ਿਸ਼ ਹੋ ਰਹੀ ਹੈ। ਇਸ ਲਈ ਉਹ ਸਿੱਧੂ ਲਈ ਚੋਣ ਪ੍ਰਚਾਰ ਕਰਨਗੇ। ਇਸ ਤੋਂ ਪਹਿਲਾਂ ਡਾ. ਗਾਂਧੀ ਨੇ ਸੰਯੁਕਤ ਕਿਸਾਨ ਮੋਰਚੇ ਦੇ ਉਮੀਦਵਾਰਾਂ ਦਾ ਸਮਰਥਨ ਕਰਨ ਦਾ ਐਲਾਨ ਕੀਤਾ ਸੀ। ਡਾ. ਗਾਂਧੀ ਨੇ ਮੀਡੀਆ ਨੂੰ ਇਹ ਵੀ ਕਿਹਾ ਕਿ ਅਰਵਿੰਦ ਕੇਜਰੀਵਾਲ ਆਰਐੱਸਐੱਸ ਦਾ ਲੁਕਵਾਂ ਏਜੰਡਾ ਲੈ ਕੇ ਪੰਜਾਬ ਵਿੱਚ ਆਏ ਹਨ ਤੇ ਉਨ੍ਹਾਂ ਦਾ ਦਿੱਲੀ ਮਾਡਲ ਧੋਖਾ ਹੈ। ਉਨ੍ਹਾਂ ਕਿਹਾ ਕਿ ਕੇਜਰੀਵਾਲ ਚਾਰ ਸਕੂਲਾਂ ਨੂੰ ਕਲੀ ਕਰਵਾ ਕੇ ਉਸ ਨੂੰ ਚੋਣ ਮਨੋਰਥ ਪੱਤਰ ਵਿੱਚ ਵੇਚ ਰਿਹਾ ਹੈ।

## ਲੋਕ ਇਨਸਾਫ ਪਾਰਟੀ ਦੇ ਆਗੂ ਸਿਮਰਜੀਤ ਬੈਂਸ ਦੀ ਗ੍ਰਿਫਤਾਰੀ ਤੇ ਰੋਕ

ਲੁਧਿਆਣਾ-ਲੋਕ ਇਨਸਾਫ਼ ਪਾਰਟੀ ਦੇ ਮੁਖੀ ਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੂੰ ਵੀਰਵਾਰ ਨੂੰ ਵੱਡੀ ਰਾਹਤ ਮਿਲੀ। ਸੁਪਰੀਮ ਕੋਰਟ ਨੇ ਜਬਰ-ਜਨਾਹ ਮਾਮਲੇ 'ਚ ਉਨ੍ਹਾਂ ਦੀ ਗ੍ਰਿਫ਼ਤਾਰੀ ਇੱਕ ਹਫ਼ਤੇ ਲਈ ਟਾਲ ਦਿੱਤੀ ਹੈ। ਇਸ ਤੋਂ ਪਹਿਲਾਂ ਤਿੰਨ ਫਰਵਰੀ ਤੱਕ ਉਨ੍ਹਾਂ ਦੀ ਗ੍ਰਿਫ਼ਤਾਰੀ 'ਤੇ ਸੁਪਰੀਮ ਕੋਰਟ ਨੇ ਰੋਕ ਲਾ ਦਿੱਤੀ ਸੀ। ਇਸ ਮਾਮਲੇ 'ਚ ਸੁਪਰੀਮ ਕੋਰਟ ਨੇ ਸੂਬਾ ਸਰਕਾਰ ਤੋਂ ਬੈਂਸ ਮਾਮਲੇ 'ਚ ਫਾਈਲ ਪਟੀਸ਼ਨ 'ਤੇ ਜਵਾਬ ਦਾਇਰ ਕਰਨ ਦੇ ਹੁਕਮ ਵੀ ਦਿੱਤੇ ਹਨ। ਜ਼ਿਕਰਯੋਗ ਹੈ ਕਿ ਅਦਾਲਤ ਵੱਲੋਂ ਸਿਮਰਜੀਤ ਸਿੰਘ ਬੈਂਸ ਦੇ ਗ੍ਰਿਫ਼ਤਾਰੀ ਵਾਰੰਟ ਜਾਰੀ ਹੋਏ ਸਨ, ਪਰ ਇਸ ਤੋਂ ਪਹਿਲਾਂ ਹੀ ਸਿਮਰਜੀਤ ਸਿੰਘ ਬੈਂਸ ਨੇ ਸੁਪਰੀਮ ਕੋਰਟ 'ਚ ਪਟੀਸ਼ਨ ਪਾ ਕੇ ਗ੍ਰਿਫ਼ਤਾਰੀ 'ਤੇ ਰੋਕ ਲਾਉਣ ਦੀ ਮੰਗ ਕੀਤੀ ਸੀ, ਜਿਸ 'ਤੇ ਵੀਰਵਾਰ ਨੂੰ ਸੁਣਵਾਈ ਦੌਰਾਨ ਬੈਂਸ ਨੂੰ ਰਾਹਤ ਮਿਲ ਗਈ ਹੈ।



We Can Help You Sell Your House!
Satvir Cheema
604-240-9148

CENTURY 21 Coastal Realty Ltd.
#105-7928 128th St., Surrey, BC, V3W 4E8
satvir.cheema@century21.ca

PUNJAB LINK
# ਪੰਜਾਬ ਲਿੰਕ
ਸ਼ਨਿਚਰਵਾਰ, 5 ਫਰਵਰੀ, 2022
ਰਿਅਲ ਅਸਟੇਟ | REAL ESTATE
www.punjablinkpaper.com 604-503-5465

For All Your Real Estate Needs
Amrik Cheema
*PREC
604-369-7000

CENTURY 21 Coastal Realty Ltd.
#105-7928 128th St., Surrey, BC, V3W 4E8
info@amrikcheema.com

# ਵੈਨਕੂਵਰ ਰੀਅਲ ਅਸਟੇਟ-ਸਪਲਾਈ ਘਟਣ ਕਾਰਨ ਜਨਵਰੀ 'ਚ ਮਕਾਨਾਂ ਦੀ ਵਿਕਰੀ ਘਟੀ




ਵੈਨਕੂਵਰ-ਰੀਅਲ ਅਸਟੇਟ ਬੋਰਡ ਆਫ ਗਰੇਟਰ ਵੈਨਕੂਵਰ ਦਾ ਕਹਿਣਾ ਕਿ ਜਨਵਰੀ ਵਿਚ ਘਰਾਂ ਦੀ ਵਿਕਰੀ ਪਿਛਲੇ ਸਾਲ ਵਿਕਰੀ ਦੀ ਰਿਕਾਰਡ ਰਫ਼ਤਾਰ ਤੋਂ ਹੌਲੀ ਰਹੀ ਕਿਉਂਕਿ ਉਪਲਬਧ ਪ੍ਰਾਪਰਟੀਜ਼ ਦੀ ਗਿਣਤੀ ਘਟ ਗਈ। ਬੀਸੀ ਬੋਰਡ ਦਾ ਕਹਿਣਾ ਕਿ ਪਿਛਲੇ ਮਹੀਨੇ ਕੁਲ 2285 ਮਕਾਨਾਂ ਦੀ ਵਿਕਰੀ ਹੋਈ ਜਿਹੜੀ ਜਨਵਰੀ 2021 ਵਿਚ ਵਿਕੇ 2389 ਮਕਾਨਾਂ ਤੋਂ ਲਗਪਗ 5 ਫ਼ੀਸਦੀ ਅਤੇ ਦਸੰਬਰ 2021 ਵਿਚ ਵਿਕੇ 2688 ਮਕਾਨਾਂ ਤੋਂ 15 ਫ਼ੀਸਦੀ ਘਟ ਹਨ ਫਿਰ ਵੀ ਬੋਰਡ ਨੇ ਕਿਹਾ ਕਿ ਪਿਛਲੇ ਮਹੀਨੇ ਵਿਕਰੀ ਜਨਵਰੀ ਦੀ 10 ਸਾਲਾਂ ਦੀ ਔਸਤ ਤੋਂ 25.3 ਫ਼ੀਸਦੀ ਜ਼ਿਆਦਾ ਸੀ। ਬੋਰਡ ਨੇ ਪਿਛਲੇ ਮਹੀਨੇ 4170 ਨਵੀਆਂ ਲਿਸਟਿੰਗਸ ਵੀ ਦਰਜ ਕੀਤੀਆਂ ਹਨ ਜਿਹੜੀਆਂ ਪਿਛਲੇ ਸਾਲ ਜਨਵਰੀ ਵਿਚ ਦਰਜ ਕੀਤੇ 4480 ਘਰਾਂ ਤੋਂ 7 ਲਗਪਗ 7 ਫ਼ੀਸਦੀ ਘਟ ਹਨ ਪਰ ਦਸੰਬਰ 2021 ਤੋਂ ਦੁੱਗਣੀਆਂ ਹਨ ਜਦੋਂ 1945 ਘਰ ਸੂਚੀਬੱਧ ਕੀਤੇ ਗਏ ਸਨ। ਇਲਾਕੇ ਵਿਚ ਸਾਰੀਆਂ ਰਿਹਾਇਸ਼ੀ ਪ੍ਰਾਪਰਟੀਜ਼ ਦੀ ਬੈਂਚਮਾਰਕ ਕੀਮਤ ਪਿਛਲੇ ਮਹੀਨੇ 12 ਲੱਖ ਡਾਲਰ ਤੋਂ ਵੀ ਵੱਧ ਗਈ ਹੈ ਜਿਹੜੇ ਪਿਛਲੀ ਜਨਵਰੀ ਤੋਂ 18.5 ਫ਼ੀਸਦੀ ਅਤੇ ਦਸੰਬਰ ਤੋਂ 2 ਫ਼ੀਸਦੀ ਜ਼ਿਆਦਾ ਹੈ। ਬੋਰਡ ਦੇ ਅਰਥਸ਼ਾਸਤਰੀ ਕੀਥ ਸਟੇਵਾਰਟ ਦਾ ਕਹਿਣਾ ਕਿ ਮਾਰਕੀਟ ਵਿਚ ਸਥਿਤੀਆਂ ਤੰਗ ਹਨ ਕਿਉਂਕਿ ਸਪਲਾਈ ਦੀ ਘਾਟ ਹੈ ਅਤੇ ਬਹੁਤ ਸਾਰੇ ਲੋਕ ਘੱਟ ਵਿਆਜ ਦਰਾਂ ਦਾ ਲਾਭ ਲੈ ਰਹੇ ਹਨ।

Offering Services For All Your Business and Real Estate Needs

- Buying / Selling Businesses
- Conveyancing
- Restorations of Dissolved Companies
- Business Contracts
- Builder's Liens
- Commercial Lease Agreements
- Wills & Powers of Attorney
- Representation Agreements
- Property Sub-Divisions
- Contract Disputes

HUGHES & COMPANY LAW CORPORATION

www.hughesco.com CEDRIC HUGHES
604.602.1828
HEAD OFFICE:
VANCOUVER
505-777 W. BROADWAY

SUNNY SANGHA • PERSONAL REAL ESTATE CORPORATION

14317 31A AVENUE




$4,488,000

Architectural elegance at its finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call us now to book your private showing!

9858 HUCKLEBERRY DRIVE



Welcome to Fraser Height's newest sub-division. This 3684 sqft lot is ready to build, the plans should be ready to pick up from the city in a few weeks. The home will include 7 bedrooms 6 bathrooms with a media room and a bar area for your own use downstairs. The total square footage for the home will be 3922 plus a garage. Call now to get more info.


Sunny Sangha
604-356-5555

SUNNY SANGHA
Personal Real Estate Corporation

CENTURY 21
Coastal Realty Ltd.

MLS MEDALLION CLUB MEMBER

Ram Johal
604-356-5555


www.sunnysangha.com | info@sunnysangha.com

ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

## LAW CORPORATION

HUGHES & COMPANY LAW CORPORATION

www.hughesco.com

EXPERIENCE • INTEGRITY • RESULTS



**CEDRIC HUGHES**
LAWYER
Over 20 years serving the community

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION




★★★★★
**4.9 STAR Google REVIEW !**

Link! hughesco.com *for reviews*

# 604.602.1828

MAIN OFFICE: 505-777 W. BROADWAY, VANCOUVER
SURREY OFFICE: 7164, 120 ST, SURREY ***(BY APPOINTMENT PLEASE)***
Email: cedric_hughes@hughesco.com

***AND** Service provided at Business Centres throughout the Fraser Valley and British Columbia.*

***Remote Location? No Problem. We will come to you !***

# ਸੈਂਚੂਰੀਅਨ ਪ੍ਰੋਡਿਊਸ ਰੀਅਲ ਇਸਟੇਟ ਐਵਾਰਡ ਜੇਤੂ ਰੀਐਲਟਰ ਗੁਰਜੀਤ ਸਿੰਘ ਸੰਧੂ

ਇਹ ਸੱਚ ਹੈ ਕਿ ਪੰਜਾਬੀ ਨੌਜਵਾਨ ਜਿਥੇ ਵੀ ਗਏ ਹਨ , ਉਥੇ ਉਨ੍ਹਾਂ ਨੇ ਆਪਣੀ ਮਿਹਨਤ ਤੇ ਇਮਾਨਦਾਰੀ ਦੇ ਨਾਲ ਆਪਣਾ ਹੀ ਨਾਮ ਨਹੀਂ ਰੌਸ਼ਨ ਕੀਤਾ ਸਗੋਂ ਪੰਜਾਬ ਦਾ ਵੀ ਕੀਤਾ ਹੈ । ਪਿੰਡ ਸਾਹਨੇਵਾਲ ਦਾ ਜੰਮਪਲ ਗੁਰਜੀਤ ਸਿੰਘ ਸੰਧੂ ਨੇ ਕੈਨੇਡਾ ਦੇ ਸਰੀ ਦੇ ਵਿੱਚ "ਰੀਅਲ ਅਸਟੇਟ" ਵਿੱਚ ਚੰਗਾ ਨਾਮਣਾ ਹੀ ਨਹੀਂ ਖੱਟਿਆ ਸਗੋਂ " ਸ਼ੈਂਚਰੀਅਨ ਪ੍ਰੋਡਿਊਸ " ਦਾ ਖਿਤਾਬ ਵੀ ਹਾਸਲ ਕੀਤਾ ਹੈ । ਗੁਰ ਜੀਤ ਸਿੰਘ ਸੰਧੂ ਨੇ ਦੱਸਿਆ ਕਿ ਉਹਨਾਂ ਦਾ ਜਨਮ ਪਿੰਡ ਸਾਹਨੇਵਾਲ ਜਿਲ੍ਹਾ ਲੁਧਿਆਣਾ ਦੇ ਵਿੱਚ ਸ। ਤਾਰਾ ਸਿੰਘ ਸੰਧੂ ਤੇ ਘਰ ਮਾਤਾ ਹਰਦੇਵ ਕੌਰ ਦੇ ਘਰ ਹੋਇਆ । ਉਨ੍ਹਾਂ ਨੇ ਮੁੱਢਲੀ ਸਿੱਖਿਆ ਪਿੰਡ ਤੋਂ ਹਾਸਲ ਕੀਤੀ । ਉਸ ਨੇ ਐਮ ।ਏ ਪੰਜਾਬੀ , ਐਮ। ਪੀ ਐਡ , ਡੀ ਪੀ ਐਡ ਤੱਕ ਉਚੇਰੀ ਸਿੱਖਿਆ ਹਾਸਲ ਕੀਤੀ । ਉਸਨੇ ਪੰਜਾਬ ਰਹਿੰਦੇ ਹੋਇਆ " ਤੈਰਾਕੀ ਕੋਚ " ਵਜੋਂ ਬਹੁਤ ਸਾਰੇ ਵਿਦਿਆਰਥੀਆਂ ਨੂੰ ਸਿਖਲਾਈ ਦਿੱਤੀ । ਉਸਦੇ ਬਹੁਤ ਸਾਰੇ ਵਿਦਿਆਰਥੀ ਤੈਰਾਕੀ ਦੇ ਖੇਤਰ ਵਿੱਚ ਪੰਜਾਬ ਤੇ ਦੇਸ਼ ਦੇ ਕਈ ਪੁਰਸਕਾਰ ਜੇਤੂ ਰਹੇ ਹਨ ।ਇਥੇ ਪੰਜਾਬ ਵਿੱਚ ਰਹਿੰਦੇ ਹੋਏ ਉਸਨੇ ਖੇਡਾਂ ਦੇ ਨਾਲ ਨਾਲ ਰੀਅਲ ਅਸਟੇਟ ਦੇ ਵਿੱਚ ਕਾਫੀ ਨਾਮਣਾ ਖੱਟਿਆ ਸੀ । ਉਹ 2010 ਦੇ ਪੱਕੇ ਤੌਰ ' ਤੇ ਕੈਨੇਡਾ ਦੇ ਰਾਜ ਸਰੀ ਦੇ ਵਿੱਚ ਆ ਗਿਆ । ਇਥੇ ਆ ਕੇ ਉਸਨੇ ਰੀਅਲ ਅਸਟੇਟ ਦਾ ਕਾਰੋਬਾਰ ਸ਼ੁਰੂ ਕੀਤਾ । ਉਸਨੇ ਆਪਣੀ ਮਿਹਨਤ ਤੇ ਇਮਾਨਦਾਰੀ ਦੇ ਨਾਲ ਇਸ ਖੇਤਰ ਦੇ ਵਿੱਚ ਵੀ ਝੰਡੇ ਗੱਡੇ ਹਨ । ਉਨ੍ਹਾਂ ਨੇ



ਸਖਤ ਮਿਹਨਤ ਦੇ ਨਾਲ ਆਪਣਾ ਨਾਮ ਸਰੀ (ਕੈਨੇਡਾ) ਦੇ ਵਿੱਚ ਬਣਾਇਆ ।ਰੀਅਲ ਅਸਟੇਟ ਦੇ ਵਿੱਚ ਬਹੁਤ ਸਖਤ ਮੁਕਾਬਲਾ ਹੈ । ਜਿਸਦੇ ਵਿੱਚ ਪਾਰਦਰਸ਼ੀ ਜ਼ਿੰਦਗੀ ਵਾਂਗੂੰ ਲੋਕਾਂ ਨੂੰ ਸਹੀ ਤੇ ਸੱਚ ਦੱਸਣਾ ਹੁੰਦਾ ਹੈ । ਇਸ ਖੇਤਰ ਦੇ ਵਿੱਚ ਝੂਠ ਦੇ ਲਈ ਕੋਈ



ਥਾਂ ਨਹੀਂ । ਇਮਾਨਦਾਰੀ ਤੇ ਸਹੀ ਜਾਣਕਾਰੀ ਹੀ ਤੁਹਾਨੂੰ ਕਾਮਯਾਬੀ ਬਖ਼ਸ਼ਦੀ ਹੈ । ਉਸ ਨੇ ਦੱਸਿਆ ਕਿ ਝੂਠ ਬੋਲ ਕੇ ਮਾਇਆ ਤਾਂ ਇਕੱਠੀ ਕੀਤੀ ਜਾ ਸਕਦੀ ਹੈ ਪਰ ਲੋਕਾਂ ਦਾ ਪਿਆਰ ਨਹੀਂ ਹਾਸਲ ਕੀਤਾ ਜਾ ਸਕਦਾ। ਉਹਨਾਂ ਨੇ 2014 ਤੋਂ 2021 ਤੱਕ ਸਖ਼ਤ ਮਿਹਨਤ ਕਰਕੇ ਆਪਣਾ ਤੇ ਮਾਪਿਆਂ ਦਾਨਾਮ ਰੌਸ਼ਨ ਕੀਤਾ ਹੈ । ਉਨ੍ਹਾਂ ਨੇ ਲਗਾਤਾਰ 8 ਸਾਲ ਸੈਂਚੁਰੀਅਨ ਪ੍ਰੋਡਿਊਸ ਤੇ ਗਰੋਂਡ ਸੈਂਚੁਰੀਆਨ ਓਵਰ ਆਲ ਕੈਨੇਡਾ "ਸੈਂਚੁਰੀ-21" ਕੰਪਨੀ 'ਚ ਪਹਿਲੇ ਟੋਪ-20 'ਚ ਚੌਥਾ ਸਥਾਨ ਹਾਸਲ ਕੀਤਾ ।ਇਹ ਰੈਂਕ ਹਾਸਲ ਕਰਨਾ ਬਹੁਤ ਮੁਸ਼ਕਿਲ ਹੁੰਦਾ ਹੈ। ਗੁਰਜੀਤ ਸੰਧੂ ਘਰ ਸੇਲਜ਼ ਕਰਨ ਦੇ ਨਾਲ ਨਾਲ ਜੀ।ਸੀ ।ਸੀ ਹਾਸਲ ਕਰਨ 'ਚ ਮੁਹਰਲੀ ਕਤਾਰ 'ਚ ਰਹੇ। ਉਨ੍ਹਾਂ ਨੇ ਇਹ ਸਭ ਸਖਤ ਮਿਹਨਤ ਦੇ ਨਾਲ ਹਾਸਲ ਕੀਤਾ ਹੈ । ਉਨ੍ਹਾਂ ਦੱਸਿਆ ਕਿ ਉਹ ਕੈਨੇਡਾ ਪੜ੍ਹਨ ਆਉਦੇ ਵਿਦਿਆਰਥੀਆਂ ਦੇ ਲਈ ਵੀ ਕੰਮ ਕਰਦੇ ਹਨ । ਕਈ ਵਾਰ ਪੜ੍ਹਨ ਲਈ ਵਿਦਿਆਰਥੀ ਕਈ ਤਰ੍ਹਾਂ ਦੀਆਂ ਮੁਸ਼ਕਿਲਾਂ ਵਿੱਚ ਘਿਰ ਜਾਂਦੇ ਹਨ । ਬੇਗਾਨਗੀ ਦਾ ਅਹਿਸ਼ਾਸ ਕਈ ਵਾਰ ਉਹਨਾਂ ਨੂੰ ਗਲਤ ਦਿਸ਼ਾ ਵੱਲ ਵੀ ਤੋਰਦਾ ਹੈ । ਇਹੋ ਜਿਹੇ ਸਮੇਂ ਉਨ੍ਹਾਂ ਨੂੰ ਸਹੀ ਸੇਧ ਦੇਣ ਦੀ ਲੋੜ ਹੁੰਦੀ ਹੈ । ਇਸ ਸਮੇਂ ਉਹ ਬਹੁਤ ਸਾਰੇ ਪੰਜਾਬੀ ਨੌਜਵਾਨਾਂ ਦੀ ਮੱਦਦ ਕਰ ਚੁੱਕੇ ਹਨ ।ਕਿਉਂਕਿ ਕੈਨੇਡਾ ਦੇ ਵਿੱਚ ਘਰ ਲੈਣਾ ਬਹੁਤ ਮੁਸ਼ਕਿਲ ਕੰਮ ਹੈ ਪਰ ਗੁਰਜੀਤ ਸਿੰਘ ਸੰਧੂ ਇਥੇ ਆਏ ਨੌਜਵਾਨਾਂ ਨੂੰ ਘਰ ਦਾ ਮਾਲਕ ਬਣਾਉਣ ਦੇ ਬਹੁਤ ਮੱਦਦ ਕਰਦਾ ਹੈ । ਇਹੋ ਜਿਹੇ ਨੌਜਵਾਨ ਹੋਰਨਾਂ ਦੇ ਲਈ ਪ੍ਰੇਰਨਾ ਸਰੋਤ ਬਣਦੇ ਹਨ । ਸਿਆਣੇ ਆਖਦੇ ਹਨ ਕਿ ਪੈਸਾ ਕਮਾਉਣਾ ਸੌਖਾ ਹੁੰਦਾ ਹੈ ਪਰ ਸਮਾਜ ਵਿੱਚ ਇੱਜ਼ਤ ਕਮਾਉਣੀ ਬਹੁਤ ਔਖੀ ਹੁੰਦੀ ਹੈ ਪਰ ਗੁਰਜੀਤ ਸਿੰਘ ਸੰਧੂ ਨੇ ਦੋਵੇਂ ਰੁਤਬੇ ਹਾਸਲ ਕੀਤੇ ਹਨ ।ਉਸਨੇ ਕੈਨੇਡਾ ਦੇ ਵਿੱਚ ਚੰਗੀ ਕਮਾਈ ਵੀ ਕੀਤੀ ਹੈ ਤੇ ਆਪਣਾ ਨਾਮ ਵੀ ਬਣਾਇਆ ਹੈ ।

—ਮਹੇਸ਼ਇੰਦਰ ਸਿੰਘ ਮਾਂਗਟ, 6047101197







## ਮੁਸਲਿਮ ਆਗੂ ਓਵਾਇਸੀ ਦੀ ਕਾਰ ਤੇ ਗੋਲੀਆਂ ਚੱਲੀਆਂ

ਗਾਜ਼ੀਆਬਾਦ-ਆਲ ਇੰਡੀਆ ਮਜਲਿਸ-ਏ-ਇਤਿਹਾਦੁਲ ਮੁਸਲਮੀਨ ਦੇ ਮੁਖੀ ਤੇ ਲੋਕ ਸਭਾ ਮੈਂਬਰ ਅਸਦੁਦੀਨ ਓਵਾਇਸੀ ਦੀ ਕਾਰ 'ਤੇ ਇਥੇ ਹਾਪੁੜ ਵਿੱਚ ਕਥਿਤ ਗੋਲੀਆਂ ਚਲਾਈਆਂ ਗਈਆਂ। ਓਵਾਇਸੀ ਪੱਛਮੀ ਉੱਤਰ ਪ੍ਰਦੇਸ਼ ਵਿੱਚ ਚੋਣ ਪ੍ਰੋਗਰਾਮਾਂ ਵਿੱਚ ਸ਼ਿਰਕਤ ਕਰਨ ਮਗਰੋਂ ਦਿੱਲੀ ਪਰਤ ਰਹੇ ਸਨ। ਓਵਾਇਸੀ ਨੇ ਕਿਹਾ ਕਿ ਸ਼ਾਮ 6 ਵਜੇ ਦੇ ਕਰੀਬ ਉਹ ਕੌਮੀ ਸ਼ਾਹਰਾਹ 24 ਦੇ ਹਾਪੁੜ-ਗਾਜ਼ੀਆਬਾਦ ਹਿੱਸੇ 'ਤੇ ਪੁੱਜੇ ਤਾਂ ਛਿਜਾਰਸੀ ਟੋਲ ਪਲਾਜ਼ਾ ਕੋਲ ਉਨ੍ਹਾਂ ਦੀ ਕਾਰ 'ਤੇ ਗੋਲੀਆਂ ਚਲਾਈਆਂ ਗਈਆਂ। ਹਾਪੁੜ ਪੁਲੀਸ ਨੇ ਇਸ ਮਾਮਲੇ ਵਿੱਚ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ।

## ਕਾਮੇਡੀ ਕਲਾਕਾਰ ਸੁਨੀਲ ਗਰੋਵਰ ਦੀ ਬਾਈਪਾਸ ਸਰਜਰੀ ਹੋਈ

ਮੁੰਬਈ-ਕਾਮੇਡੀ ਕਲਾਕਾਰ ਸੁਨੀਲ ਗਰੋਵਰ ਦੀ ਬਾਈਪਾਸ ਸਰਜਰੀ ਹੋਣ ਤੋਂ ਇੱਕ ਹਫ਼ਤੇ ਬਾਅਦ ਉਸ ਨੂੰ ਅੱਜ ਹਸਪਤਾਲ ਤੋਂ ਛੁੱਟੀ ਮਿਲ ਗਈ ਹੈ। ਛਾਤੀ 'ਚ ਦਰਦ ਦੀ ਸ਼ਿਕਾਇਤ ਤੋਂ ਬਾਅਦ 8 ਜਨਵਰੀ ਨੂੰ ਸੁਨੀਲ (44) ਨੂੰ ਏਸ਼ੀਅਨ ਹਾਰਟ ਇੰਸਟੀਚਿਊਟ ਦੇ ਐਮਰਜੈਂਸੀ ਵਿਭਾਗ 'ਚ ਭਰਤੀ ਕਰਵਾਇਆ ਗਿਆ ਸੀ। ਹਸਪਤਾਲ ਅਨੁਸਾਰ ਅਦਾਕਾਰ ਦੇ ਦਿਲ ਦੀਆਂ ਨਸਾਂ 'ਚ ਰੁਕਾਵਟ ਹੋਣ ਦਾ ਪਤਾ ਲੱਗਿਆ। ਇਸ ਤੋਂ ਇਲਾਵਾ ਸੁਨੀਲ ਗਰੋਵਰ ਕਰੋਨਾਵਾਇਰਸ ਤੋਂ ਵੀ ਪੀੜਤ ਸਨ। ਸਰਜਰੀ ਤੋਂ ਬਾਅਦ ਸਿਹਤ 'ਚ ਸੁਧਾਰ ਹੋਣ 'ਤੇ ਉਨ੍ਹਾਂ ਨੂੰ ਤਿੰਨ ਫਰਵਰੀ ਨੂੰ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ।

# ਅਮਿਤਾਭ ਬੱਚਨ ਨੇ ਦਿੱਲੀ ਵਾਲਾ ਘਰ 23 ਕਰੋੜ ਵਿਚ ਵੇਚਿਆ

ਨਵੀਂ ਦਿੱਲੀ-ਅਦਾਕਾਰ ਅਮਿਤਾਭ ਬੱਚਨ ਨੇ ਦੱਖਣੀ ਦਿੱਲੀ ਦੇ ਗੁਲਮੋਹਰ ਪਾਰਕ ਸਥਿਤ ਆਪਣੀ ਰਿਹਾਇਸ਼ ਜਿਸ ਦਾ ਨਾਂ ਅਮਿਤਾਭ ਬੱਚਨ ਦੀ ਮਾਂ ਤੇਜੀ ਬੱਚਨ ਦੇ ਨਾਂ 'ਤੇ ਰੱਖਿਆ ਗਿਆ ਸੀ, ਵੇਚ ਦਿੱਤੀ ਹੈ। 'ਸੋਪਾਨ' ਨਾਲ ਹਰਿਵੰਸ਼ ਰਾਏ ਬਚਨ ਤੇ ਤੇਜੀ ਬਚਨ ਦੀਆਂ ਯਾਦਾਂ ਜੁੜੀਆਂ ਹੋਈਆਂ ਸਨ। ਸੋਪਾਨ 418.05 ਵਰਗ ਮੀਟਰ ਦੇ ਖੇਤਰ ਵਿੱਚ ਫੈਲਿਆ ਹੋਇਆ ਹੈ। ਇਹ ਬਚਨ ਪਰਿਵਾਰ ਦਾ ਪਹਿਲਾ ਘਰ ਸੀ। ਇਹ ਬੰਗਲਾ ਤੇਜੀ ਬਚਨ ਦੇ ਨਾਂ 'ਤੇ ਰਜਿਸਟਰਡ ਸੀ। ਤੇਜੀ ਬੱਚਨ ਨੂੰ ਆਲ ਇੰਡੀਆ ਰੇਡੀਓ ਵਿੱਚ ਕੰਮ ਕਰਦੇ ਹੋਏ ਇੱਥੇ ਇੱਕ ਪਲਾਟ ਮਿਲਿਆ ਸੀ। ਅਮਿਤਾਭ ਨੇ ਸੋਪਾਨ ਨੂੰ ਨਿਜੋਨ ਗਰੁੱਪ ਦੀ ਸੀਈਓ ਅਵਨੀ ਬਦਰ ਨੂੰ 23 ਕਰੋੜ ਰੁਪਏ ਵਿੱਚ ਵੇਚ ਦਿੱਤਾ ਹੈ। ਉਸ ਨੇ ਇਹ ਜਾਇਦਾਦ ਪਿਛਲੇ ਸਾਲ 7 ਦਸੰਬਰ ਨੂੰ ਰਜਿਸਟਰਡ ਕਰਵਾਈ ਸੀ। ਇਹ ਘਰ 418.05 ਵਰਗ ਮੀਟਰ ਵਿੱਚ ਫੈਲਿਆ ਹੋਇਆ ਹੈ। ਉਨ੍ਹੀਂ ਦਿਨੀਂ ਸੋਪਾਨ ਵਿੱਚ ਬਹੁਤ ਸਾਰੇ ਕਾਵਿ-ਸੰਮੇਲਨ ਕਰਵਾਏ ਜਾਂਦੇ ਸਨ। ਹਰਿਵੰਸ਼ ਬਚਨ ਖੁਦ ਕਵਿਤਾ ਸੁਣਾਉਂਦੇ ਸਨ। ਉਨ੍ਹਾਂ ਦਿਨਾਂ ਦੀ ਪ੍ਰਾਹੁਣਚਾਰੀ ਦੇ ਕਈ ਕਿੱਸੇ ਅੱਜ ਵੀ ਗੁਲਮੋਹਰ ਪਾਰਕ ਵਿੱਚ ਸੁਣਨ ਨੂੰ ਮਿਲਦੇ ਹਨ। ਅਮਿਤਾਭ ਬੱਚਨ ਇੱਥੇ ਦੀਵਾਲੀ ਸਮੇਤ ਹੋਰ ਤਿਉਹਾਰ ਮਨਾਉਂਦੇ ਸਨ।

## ਕੁੰਵਰ ਵਿਜੇ ਪ੍ਰਤਾਪ ਸਿੰਘ ਵਲੋਂ ਉਤਰੀ ਹਲਕੇ ਵਿਚ 15 ਹਜ਼ਾਰ ਜਾਅਲੀ ਵੋਟਾਂ ਹੋਣ ਦੇ ਦੋਸ਼

ਅੰਮ੍ਰਿਤਸਰ-ਸਾਬਕਾ ਆਈ ਜੀ ਅਤੇ 'ਆਪ' ਦੇ ਉਮੀਦਵਾਰ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਉੱਤਰੀ ਵਿਧਾਨ ਸਭਾ ਹਲਕੇ ਵਿੱਚ ਕਾਂਗਰਸ ਦੇ ਮੌਜੂਦਾ ਵਿਧਾਇਕ 'ਤੇ ਲਗਪਗ 15 ਹਜ਼ਾਰ ਜਾਅਲੀ ਵੋਟਾਂ ਬਣੇ ਹੋਣ ਦਾ ਦੋਸ਼ ਲਾਇਆ ਹੈ। ਅੱਜ ਇਥੇ ਇਕ ਪੱਤਰਕਾਰ ਸੰਮੇਲਨ ਦੌਰਾਨ ਮੌਜੂਦਾ ਵਿਧਾਇਕ ਸੁਨੀਲ ਦੱਤੀ ਨੂੰ ਨਿਸ਼ਾਨੇ 'ਤੇ ਲੈਂਦਿਆਂ ਸਾਬਕਾ ਆਈਜੀ ਨੇ ਦੋਸ਼ ਲਾਇਆ ਹੈ ਕਿ ਇਸ ਹਲਕੇ ਵਿੱਚ ਕਈ ਵਿਅਕਤੀਆਂ ਦੀਆਂ ਦੋਹਰੀਆਂ ਵੋਟਾਂ ਬਣੀਆਂ ਹੋਈਆਂ ਹਨ। ਉਨ੍ਹਾਂ ਦਾਅਵਾ ਕੀਤਾ ਹੈ ਕਿ ਇਹ ਵਿਅਕਤੀ ਹਲਕਾ ਵਿਧਾਇਕ ਦੇ ਨਜ਼ਦੀਕੀ ਜਾਂ ਰਿਸ਼ਤੇਦਾਰ ਹੋ ਸਕਦੇ ਹਨ। ਉਨ੍ਹਾਂ ਇਹ ਵੀ ਦਾਆਵਾ ਕੀਤਾ ਕਿ ਲਗਪਗ 15 ਹਜ਼ਾਰ ਜਾਅਲੀ ਵੋਟਾਂ ਹਲਕੇ ਵਿੱਚ ਸਾਹਮਣੇ ਆਈਆਂ ਹਨ ਤੇ ਜਾਅਲੀ ਵੋਟਾਂ ਦੀ ਗਿਣਤੀ ਇਸ ਤੋਂ ਵੱਧ ਵੀ ਹੋ ਸਕਦੀ ਹੈ।

## 'ਗੋ ਫੰਡ ਮੀਂ' ਨੂੰ ਪੁੱਛਗਿੱਛ ਲਈ ਕਮੇਟੀ ਅੱਗੇ ਪੇਸ਼ ਕਰਨ ਵਾਸਤੇ ਐਮਪੀਜ਼ ਸਹਿਮਤ

ਓਟਵਾ, (ਪੋਸਟ ਬਿਊਰੋ)-ਪਾਰਲੀਆਮੈਂਟਰੀ ਕਮੇਟੀ ਵੱਲੋਂ ਗੋ ਫੰਡ ਮੀਂ (ਘੋਂਨਦੰਇ) ਦੇ ਨੁਮਾਇੰਦਿਆਂ ਨੂੰ ਸੱਦ ਕੇ ਉਨ੍ਹਾਂ ਤੋਂ ਇਹ ਪੁੱਛਗਿੱਛ ਕੀਤੇ ਜਾਣ ਉੱਤੇ ਸਹਿਮਤੀ ਬਣੀ ਹੈ ਕਿ ਉਹ ਦੱਸਣ ਕਿ ਉਨ੍ਹਾਂ ਦੇ ਪਲੇਟਫਾਰਮ ਉੱਤੇ ਇੱਕਠੇ ਕੀਤੇ ਗਏ ਫੰਡ ਨਫਰਤ, ਯਹੂਦੀ ਵਿਰੋਧੀ ਭਾਵਨਾਂਵਾਂ ਤੇ ਗੋਰਿਆਂ ਨੂੰ ਸਰਬਉੱਚ ਦੱਸਣ ਵਰਗੀਆਂ ਭਾਵਨਾਂਵਾਂ ਨੂੰ ਭੜਕਾਉਣ ਲਈ ਨਹੀਂ ਵਰਤੇ ਜਾਣਗੇ। ਨਿਊ ਡੈਮੋਕ੍ਰੇਟ ਐਮਪੀ ਐਲਿਸਟੇਅਰ ਮੈਕਗ੍ਰੇਗਰ ਨੂੰ ਵੀਰਵਾਰ ਨੂੰ ਹਾਊਸ ਆਫ ਕਾਮਨਜ਼ ਦੀ ਪਬਲਿਕ ਸੇਫਟੀ ਕਮੇਟੀ ਦੇ ਸਾਰੇ ਮੈਂਬਰਾਂ ਦੀ ਸਹਿਮਤੀ ਮਿਲੀ ਜਦੋਂ ਉਨ੍ਹਾਂ ਨੇ ਗੋ ਫੰਡ ਮੀਂ ਦੇ ਨੁਮਾਇੰਦਿਆਂ ਨੂੰ ਸੱਦ ਕੇ ਇਹ ਸਵਾਲ ਪੁੱਛਣ ਦੀ ਤਜਵੀਜ਼ ਰੱਖੀ। ਗੋ ਫੰਡ ਮੀਂ ਵੱਲੋਂ ਵੈਕਸੀਨ ਦਾ ਵਿਰੋਧ ਕਰ ਰਹੇ ਟਰੱਕਰਜ਼ ਦੀ ਮਦਦ ਲਈ 10 ਮਿਲੀਅਨ ਡਾਲਰ ਇੱਕਠੇ ਕੀਤੇ ਗਏ ਹਨ। ਇਹ ਉਹੀ ਟਰੱਕਰਜ਼ ਹਨ ਜਿਨ੍ਹਾਂ ਨੇ ਇੱਕ ਹਫਤੇ ਤੋਂ ਦੇਸ਼ ਦੀ ਰਾਜਧਾਨੀ ਨੂੰ ਠੱਪ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਹੈ। ਇੱਥੇ ਦੱਸਣਾ ਬਣਦਾ ਹੈ ਕਿ ਗੋ ਫੰਡ ਮੀਂ ਵੱਲੋਂ ਪਹਿਲਾਂ ਹੀ ਇੱਕ ਮਿਲੀਅਨ ਡਾਲਰ ਰਲੀਜ਼ ਕੀਤਾ ਜਾ ਚੁੱਕਿਆ ਹੈ। ਇਹ ਪੈਸਾ ਡਾਊਨਟਾਊਨ ?ਟਵਾ ਵਿੱਚ ਇਸ ਮੁਜ਼ਾਹਰੇ ਵਿੱਚ ਹਿੱਸਾ ਲੈ ਰਹੇ ਟਰੱਕਰਜ਼ ਤੇ ਉਨ੍ਹਾਂ ਦੇ ਸਮਰਥਕਾਂ ਦੇ ਫਿਊਲ, ਫੂਡ ਤੇ ਰਿਹਾਇਸ਼ ਲਈ ਮਦਦ ਵਾਸਤੇ ਦਿੱਤਾ ਗਿਆ ਹੈ।ਪਰ ਇਸ ਦੇ ਮੁਲਾਂਕਣ ਦੀ ਗੱਲ ਆਉਣ ਤੋਂ ਬਾਅਦ ਇਸ ਫਰੀਡਮ ਕੌਨਵੌਏ ਲਈ ਫੰਡ ਇੱਕਠੇ ਕਰਨ ਦੇ ਸਿਲਸਿਲੇ ਨੂੰ ਰੋਕ ਦਿੱਤਾ ਗਿਆ ਹੈ।


Ph: 604-592-9999

Grand Opening Of

SIRKA
Gourmet Takeout

"our passion of nurturing authentic yet divine meal is a pledge"

We Have Large Variety of:
• Home-Made Pickles & Chutneys.
• Salads

NOW OPEN For Lunch

Specialities
• Sabudana Popcorn
• Shrimp Koliwada
• Amritsari Fish n Chips
• Muradabadi Moong Dal Seekh
• Masala Papad/Masala Peanut
• Malabari Crispy Aloo
• Lasooni Murg Tikka
• Tandoori Kukkad
• Malai Broccoli
• Keema Mutton Makhni
• Raan di Khurchan
• Traditional Paneer Makhni
• 36 Hour Daal Makhni
• Achaari Brinjal
• Veg/Chicken/Comb/Lamb Biryani




Lunch Special
• Sirka Fried Chicken
• Keema Burger
• Hoshiarpur wale meat chawal
• Chat-Pate chole kulche (Stuffed)
• Ambale wale Paneer Sandwich





Any kind of Pizza
• Cheese Pizza
• Veg. Pizza
• Butter Chicken Pizza

India Wali Coffee
Haldi Dudh
Kada Dudh
Falooda Badam Shake
Mango Lassi

7182 Unit-A 120st Surrey BC V3W 3M8
www.sirkatakeout.com

"ASK FOR OUR **SPECIAL SET MENU** FOR A GROUP OR ANY PARTY"




TSM GALLERY

High quality artwork for your home or business, religious or public places.
We specialize in all kind of wallpaper installation.

Mehndi(henna) , Jagua , Airbrush Body Art, Temporary Tattoo.
Learn in your spare time ,
Earn extra income gain friends
Training available .




**Tejpal Singh Mann (Artist)**
**778-885-2197**


9353 120st Delta BC (By Appointment)
www.tsmgallery.ca | www.jollyarts.ca

# ਨਿਊ ਵੈਸਟ ਮਿਨਸਟਰ ਵਿਚ ਨਸ਼ੀਲੇ ਪਦਾਰਥ, ਹਥਿਆਰ ਤੇ ਲੱਖਾਂ ਡਾਲਰ ਬਰਾਮਦ

ਸਰੀ (ਹਰਦਮ ਮਾਨ)-ਕੈਮਲੂਪਸ ਪੁਲਸ ਅਤੇ ਨਿਊ ਵੈਸਟਮਿਨਸਟਰ ਪੁਲੀਸ ਨੇ ਮਿਲ ਕੇ ਕੰਮ ਕਰਦਿਆਂ ਇਕ ਬਹੁਤ




ਵੱਡੀ ਨਸ਼ੀਲੇ ਪਦਾਰਥਾਂ ਦੀ ਖੇਪ ਜ਼ਬਤ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ ਹੈ ਅਤੇ ਇਸ ਸੰਬੰਧ ਵਿਚ ਪੰਜ ਵਿਅਕਤੀਆਂ ਵਿਰੁੱਧ ਦੋਸ਼ ਆਇਦ ਕੀਤੇ ਗਏ ਹਨ। ਈ ਯੂ ਸਾਰਜੈਂਟ ਟੌਡ ਵੂਨ ਨੇ ਦੱਸਿਆ ਹੈ ਕਿ ਕਈ ਏਜੰਸੀਆਂ ਨਾਲ ਮਿਲ ਕੇ ਕੀਤੀ ਗਈ ਇਸ ਜਾਂਚ ਵਿਚ ਵੈਸਟਮਿਨਸਟਰ ਵਿੱਚ 13 ਕੋਕੀਨ, 10 ਕਿਲੋ ਮੈਥਮਫੈਟਾਮੀਨ, 2 ਹੈਂਡ ਗੰਨਜ਼ ਅਤੇ ਤਿੰਨ ਲੱਖ ਡਾਲਰ ਕੈਸ਼ ਬਰਾਮਦ ਕੀਤਾ ਗਿਆ ਹੈ ਅਤੇ ਇਸ ਕੇਸ ਵਿਚ 36 ਸਾਲਾ ਡੇਵਿਡ ਜੈਫਰੀ ਟ੍ਰੇਨਬਲੇ, 31 ਸਾਲਾ ਲੌਰੈਂਸ ਲਾਇਡ ਪੂਲੀ, 24 ਸਾਲਾ ਰਾਇਲੀ ਲੌਰੀਨ ਬੈਂਸ, 50 ਸਾਲਾ ਜੇਸਨ ਰੇਅ ਸੌਕਾ ਅਤੇ 36 ਸਾਲਾ ਰੌਬਰਟ ਸਿੱਲ੍ਹੀ ਲੂਪੀ ਨੂ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਇਨ੍ਹਾਂ ਉੱਪਰ ਕਈ ਤਰ੍ਹਾਂ ਦੇ ਦੋਸ਼ ਆਇਦ ਕੀਤੇ ਗਏ ਹਨ। ਸਾਰਜੈਂਟ ਟੌਡ ਵੂਨ ਨੇ ਦੱਸਿਆ ਹੈ ਕਿ ਇਹ ਜਾਂਚ ਸਟਰੀਟ ਪੱਧਰ ਤੇ ਹੋ ਰਹੀ ਡਰੱਗ ਡੀਲਿੰਗ ਤੋਂ ਸ਼ੁਰੂ ਹੋਈ ਤੇ ਬਾਅਦ ਵਿੱਚ ਗਲੀਆਂ ਵਿੱਚ ਇਹ ਡਰੱਗ ਲਿਆਉਣ ਵਾਲੇ ਜ਼ਿੰਮੇਵਾਰ ਲੋਕਾਂ ਤੀਕ ਪਹੁੰਚਣ ਲਈ ਜੁਲਾਈ 2020 ਵਿਚ ਕੋਮੌਕਸ ਐਵਨਿਊ ਦੇ 600 ਬਲਾਕ ਵਿੱਚ ਇੱਕ ਘਰ ਚ ਛਾਪੇਮਾਰੀ ਕੀਤੀ ਗਈ ਤਾਂ ਇਸ ਡਰੱਗ ਨੂੰ ਗਲੀਆਂ ਤੀਕ ਲਿਆਉਣ ਵਾਲੇ ਨਿਊ ਵੈਸਟ ਮਿਨਸਟਰ ਦੇ ਇੱਕ ਡਰੱਗ ਤਸਕਰ ਦਾ ਪਤਾ ਲੱਗਿਆ। ਕੈਮਲੂਪਸ ਪੁਲੀਸ ਨੇ ਵੈਸਟਮਿਨਸਟਰ ਪੁਲੀਸ ਡਿਪਾਰਟਮੈਂਟ ਨਾਲ ਮਿਲ ਕੇ ਇਹ ਜਾਂਚ ਪੜਤਾਲ ਨੂੰ ਅੰਜ਼ਾਮ ਦਿੱਤਾ ਅਤੇ ਅਗਸਤ 2020 ਵਿੱਚ ਚੈਰੀ ਕ੍ਰੀਕ ਦੇ ਆਦਮੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਜਿਸ ਕੋਲੋਂ ਇੱਕ ਕਿੱਲੋ ਕੋਕੀਨ ਮਿਲੀ ਸੀ।

JOSAN REBAR &
DAMPPROOFING LTD.


• BEAM LOG • POLY
• COMPACTING
• STYROFOAM
• FOUNDATION
• DAMPPROOFING
• WINDOW WELL
• INSULATION
• REINFORCING STEEL
• POST TENSIONING & WIRE MESH
• DRIVEWAY, SIDEWALK & GARAGE
JR


- ਮੁਫਤ ਐਸਟੀਮੇਟ ਲਈ ਫੋਨ ਕਰੋ:
ਸੁਖਵਿੰਦਰ ਸਿੰਘ ਜੋਸਨ
604.250.1686
Email: sukhwinderjosan25@gmail.com

# ਓਟਵਾ ਵਿਚ ਜਾਰੀ ਟਰੱਕਰਜ਼ ਦੇ ਮੁਜ਼ਾਹਰੇ ਨਾਲ ਨਜਿੱਠਣ ਲਈ ਫੌਜ ਭੇਜਣ ਦਾ ਕੋਈ ਇਰਾਦਾ ਨਹੀਂ-ਟਰੂਡੋ

ਓਟਵਾ-ਓਟਵਾ ਵਿੱਚ ਚੱਲ ਰਹੇ ਟਰੱਕਰਜ਼ ਦੇ ਮੁਜ਼ਾਹਰੇ ਨਾਲ ਸਿੱਝਣ ਲਈ ਫੌਜ ਤਾਇਨਾਤ ਕਰਨ ਦੀਆਂ ਮਿਲ ਰਹੀਆਂ ਰਿਪੋਰਟਾਂ ਨੂੰ ਖਾਰਜ ਕਰਦਿਆਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਅਜਿਹਾ ਨਹੀਂ ਹੋ ਸਕਦਾ। ਉਨ੍ਹਾਂ ਆਖਿਆ ਕਿ ਫੌਜੀ ਟੁਕੜੀਆਂ ਭੇਜਣ ਦਾ ਉਨ੍ਹਾਂ ਦਾ ਕੋਈ ਇਰਾਦਾ ਨਹੀਂ ਹੈ। ਓਟਵਾ ਪੁਲਿਸ ਚੀਫ ਪੀਟਰ ਸਲੋਲੀ ਨੇ ਬੁੱਧਵਾਰ ਨੂੰ ਆਖਿਆ ਸੀ ਕਿ ਇਸ ਸਥਿਤੀ ਨਾਲ ਨਜਿੱਠਣ ਲਈ ਸਾਰੀਆਂ ਸੰਭਾਵਨਾਵਾਂ ਖੁੱਲ੍ਹੀਆਂ ਹਨ ਤੇ ਇਨ੍ਹਾਂ ਵਿੱਚ ਫੌਜ ਸੱਦਣਾ ਵੀ ਸ਼ਾਮਲ ਹੈ। ਵੀਰਵਾਰ ਨੂੰ ਇੱਕ ਨਿਊਜ਼ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਟਰੂਡੋ ਨੇ ਆਖਿਆ ਕਿ ਕੈਨੇਡੀਅਨ ਧਰਤੀ ਉੱਤੇ ਫੌਜ ਤਾਇਨਾਤ ਕਰਨ ਦੀ ਗੱਲ ਸਾਨੂੰ ਸੋਚ ਸਮਝ ਕੇ ਕਰਨੀ ਚਾਹੀਦੀ ਹੈ। ਇਸ ਮਾਮਲੇ ਨੂੰ ਹਲਕੇ ਵਿੱਚ ਨਹੀਂ ਲਿਆ ਜਾਣਾ ਚਾਹੀਦਾ। ਟਰੂਡੋ ਨੇ ਆਖਿਆ ਕਿ ਕਿਸੇ ਵੀ ਕਾਰਨ ਕਰਕੇ ਫੈਡਰਲ ਸਰਕਾਰ ਨੂੰ ਇਸ ਤਰ੍ਹਾਂ ਦੀ ਬੇਨਤੀ ਨਹੀਂ ਕੀਤੀ ਗਈ। ਉਨ੍ਹਾਂ ਆਖਿਆ ਕਿ ਓਟਵਾ ਸਿਟੀ ਜਾਂ ਓਨਟਾਰੀਓ ਵੱਲੋਂ ਇਸ ਤਰ੍ਹਾਂ ਦੇ ਸਹਿਯੋਗ ਦੀ ਬੇਨਤੀ ਉੱਤੇ ਵਿਚਾਰ ਕੀਤਾ ਜਾਵੇਗਾ। ਉਨ੍ਹਾਂ ਆਖਿਆ ਕਿ ਲੋਕਲ ਅਧਿਕਾਰ ਖੇਤਰ ਵਿੱਚ ਦਖਲ ਦੇਣ ਲਈ ਸੰਵਿਧਾਨਕ ਨਿਯਮ ਹਨ



ਤੇ ਇਸੇ ਲਈ ਸੱਭ ਤੋਂ ਪਹਿਲਾਂ ਆਰਸੀਐਮਪੀ ਤੇ ਖੁਫੀਆ ਸੇਵਾਵਾਂ ਰਾਹੀਂ ਮਦਦ ਮੁਹੱਈਆ ਕਰਵਾਈ ਜਾ ਰਹੀ ਹੈ। ਉਨ੍ਹਾਂ ਆਖਿਆ ਕਿ ਫੈਡਰਲ ਸਰਕਾਰ ਓਟਵਾ ਵਾਸੀਆਂ ਦੇ ਨਾਲ ਹੈ। ਇਹ ਪੁੱਛੇ ਜਾਣ ਉੱਤੇ ਕਿ ਕੀ ਉਨ੍ਹਾਂ ਦੀ ਸਰਕਾਰ ਮੁਜ਼ਾਹਰਾਕਾਰੀਆਂ ਨਾਲ ਬੈਠ ਕੇ ਗੱਲਬਾਤ ਕਰਨ ਬਾਰੇ ਵਿਚਾਰ ਕਰ ਰਹੀ ਹੈ ਤਾਂ ਟਰੂਡੋ ਨੇ ਆਖਿਆ ਕਿ ਲਿਬਰਲਾਂ ਨੂੰ ਮਹਾਂਮਾਰੀ ਦੌਰਾਨ ਲੋਕਾਂ ਦੀ ਹਿਫਾਜ਼ਤ ਕਰਨ ਤੇ ਸਾਇੰਸ ਪ੍ਰਤੀ ਵਚਨਬੱਧਤਾ ਦੇ ਅਧਾਰ ਉੱਤੇ ਚੁਣਿਆ ਗਿਆ ਹੈ ਤੇ ਅਜਿਹੇ ਲੋਕ ਜਿਹੜੇ ਇਸ ਨਾਲ ਸਹਿਮਤ ਨਹੀਂ ਹਨ ਤੇ ਕਿਸੇ ਹੋਰ ਰਾਹ ਉੱਤੇ ਤੁਰਨਾ ਚਾਹੁੰਦੇ ਹਨ ਉਨ੍ਹਾਂ ਨਾਲ ਗੱਲ ਕਰਨ ਦੀ ਕੋਈ ਤੁਕ ਨਹੀਂ ਬਣਦੀ। ਇੱਥੇ ਦੱਸਣਾ ਬਣਦਾ ਹੈ ਕਿ ਓਟਵਾ ਵਿੱਚ ਡਾਊਨਟਾਊਨ ਸਟਰੀਟਸ ਉੱਤੇ ਅਜੇ ਵੀ ਟਰੱਕ ਖੜ੍ਹੇ ਹਨ ਤੇ ਪਾਰਲੀਆਮੈਂਟ ਹਿੱਲ ਨੇੜੇ ਗੱਡੀਆਂ ਦੇ ਹੌਰਨ ਆਮ ਸੁਣੇ ਜਾ ਸਕਦੇ ਹਨ।

# ਵੈਕਸੀਨੇਸ਼ਨ ਨਾ ਕਰਵਾਉਣ ਵਾਲੇ ਦਰਜਨਾਂ ਸੈਨਿਕਾਂ ਨੂੰ ਕੀਤਾ ਗਿਆ ਫੌਜ ਤੋਂ ਬਾਹਰ

ਓਟਵਾ-ਕੈਨੇਡੀਅਨ ਆਰਮਡ ਫਰਸਿਜ਼ ਵੱਲੋਂ ਵੈਕਸੀਨੇਸ਼ਨ ਤੋਂ ਇਨਕਾਰ ਕਰਨ ਵਾਲੇ ਆਪਣੇ ਦਰਜਨਾਂ ਸੈਨਿਕਾਂ ਨੂੰ ਬਾਹਰ ਕਰ ਦਿੱਤਾ ਗਿਆ ਹੈ ਜਦਕਿ ਸੈਂਕੜੇ ਹੋਰਨਾਂ ਖਿਲਾਫ ਕਾਰਵਾਈ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਗਿਆ ਹੈ। ਇਹ ਕਦਮ ਉਦੋਂ ਚੁੱਕਿਆ ਗਿਆ ਜਦੋਂ ਚੀਫ ਆਫ ਦ ਡਿਫੈਂਸ ਸਟਾਫ ਜਨਰਲ ਵੇਅਨ ਆਇਰ ਨੇ ਸਾਰੇ ਸੈਨਿਕਾਂ ਨੂੰ ਅਕਤੂਬਰ ਦੇ ਮੱਧ ਤੱਕ ਕੋਵਿਡ-19 ਸਬੰਧੀ ਪੂਰੀ ਤਰ੍ਹਾਂ ਵੈਕਸੀਨੇਸ਼ਨ ਕਰਵਾਉਣ ਦੇ ਹੁਕਮ ਸੁਣਾਏ ਸਨ ਪਰ ਫਿਰ ਡੈੱਡਲਾਈਨ ਦਸੰਬਰ ਦੇ ਮੱਧ ਤੱਕ ਕੀਤੇ ਜਾਣ ਦੇ ਬਾਵਜੂਦ ਕਈ ਸੈਨਿਕਾਂ ਨੇ ਵੈਕਸੀਨੇਸ਼ਨ ਨਹੀਂ ਕਰਵਾਈ। ਹਾਲਾਂਕਿ ਬਹੁਤੇ ਸਰਵਿਸ ਮੈਂਬਰਾਂ ਵੱਲੋਂ ਇਨ੍ਹਾਂ ਹੁਕਮਾਂ ਦੀ ਪਾਲਣਾ ਕੀਤੀ ਗਈ। ਡਿਫੈਂਸ ਡਿਪਾਰਟਮੈਂਟ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ 98 ਫੀ ਸਦੀ ਕੈਨੇਡੀਅਨ ਸੈਨਿਕਾਂ ਵੱਲੋਂ ਵੈਕਸੀਨੇਸ਼ਨ ਕਰਵਾ ਲਈ ਗਈ ਹੈ ਪਰ ਅਜੇ ਵੀ ਸੈਂਕੜੇ ਅਜਿਹੇ ਸੈਨਿਕ ਹਨ ਜਿਨ੍ਹਾਂ ਨੇ ਵੈਕਸੀਨੇਸ਼ਨ ਨਹੀਂ ਕਰਵਾਈ। ਹੁਣ ਅਜਿਹੇ ਸੈਨਿਕਾਂ ਨੂੰ ਹੀ ਫੌਜ ਤੋਂ ਬਾਹਰ ਕੀਤਾ ਜਾ



ਰਿਹਾ ਹੈ। ਰੱਖਿਆ ਮੰਤਰਾਲੇ ਦੇ ਬੁਲਾਰੇ ਡੈਨੀਅਲ ਲੀ ਬੌਥਿਲੀਅਰ ਨੇ ਇੱਕ ਈਮੇਲ ਰਾਹੀਂ ਦੱਸਿਆ ਕਿ ਕੈਨੇਡੀਅਨ ਆਰਮਡ ਫੋਰਸਿਜ਼ ਦੇ 58 ਫੁੱਲ ਟਾਈਮ ਮੈਂਬਰਾਂ ਨੂੰ ਵੈਕਸੀਨੇਸ਼ਨ ਕਰਵਾਉਣ ਤੋਂ ਇਨਕਾਰ ਕਰਨ ਉੱਤੇ ਫੌਜ ਤੋਂ ਬਾਹਰ ਕਰ ਦਿੱਤਾ ਗਿਆ।246 ਹੋਰਨਾਂ ਸੈਨਿਕਾਂ ਨੂੰ ਇਸ ਸਬੰਧ ਵਿੱਚ ਨੋਟਿਸ ਜਾਰੀ ਕਰ ਦਿੱਤਾ ਗਿਆ ਹੈ, ਜਿਸ ਤੋਂ ਭਾਵ ਹੈ ਕਿ ਉਨ੍ਹਾਂ ਦੀਆਂ ਸੇਵਾਵਾਂ ਖ਼ਤਮ ਕਰਨ ਦੀ ਪ੍ਰਕਿਰਿਆ ਵੀ ਆਰੰਭੀ ਜਾ ਚੁੱਕੀ ਹੈ। ਬੌਥਿਲੀਅਰ ਨੇ ਆਖਿਆ ਕਿ ਅਜੇ ਵੀ ਇਹ ਸੰਭਾਵਨਾ ਹੈ ਕਿ ਇਨ੍ਹਾਂ ਵਿੱਚੋਂ ਕੁੱਝ ਆਪਣਾ ਮਨ ਬਦਲ ਕੇ ਵੈਕਸੀਨੇਸ਼ਨ ਕਰਵਾਉਣ ਲਈ ਹਾਂ ਬੋਲ ਦੇਣਗੇ। ਉਨ੍ਹਾਂ ਇਹ ਵੀ ਦੱਸਿਆ ਕਿ 66 ਸੈਨਿਕ ਆਪਣੀ ਮਰਜ਼ੀ ਨਾਲ ਹੀ ਫੌਜ ਛੱਡ ਕੇ ਚਲੇ ਗਏ।

ਓਸ਼ਨ ਵਿਊ ਫਿਸ਼ ਕੈਨਰੀ
OCEAN VIEW FISH CANNERY
ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।
• ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
• ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
• ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
• ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।
ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

604-594-0616

# ਕੇਜਰੀਵਾਲ ਦੇ ਬਿਆਨ ਤੋਂ ਬਹਿਬਲ ਕਾਂਡ ਦੇ ਪੀੜਤ ਪਰਵਾਰ ਭੜਕੇ

ਕੋਟਕਪੂਰਾ-ਪਿਛਲੇ ਕਰੀਬ 49 ਦਿਨਾਂ ਤੋਂ ਕੜਾਕੇ ਦੀ ਠੰਢ ਤੇ ਹੱਡ ਚੀਰਵੀਂ ਸਰਦੀ ਦੇ ਬਾਵਜੂਦ ਦਿਨ ਰਾਤ ਦੇ ਧਰਨੇ ਉੱਤੇ ਬੈਠੇ ਬਹਿਬਲ ਕਾਂਡ ਦੇ ਸ਼ਹੀਦ ਪਰਵਾਰਾਂ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਬਿਆਨ ਬਾਰੇ ਆਖਿਆ ਹੈ ਕਿ ਦੇਸ਼-ਵਿਦੇਸ਼ ਦੀਆਂ ਸੰਗਤਾਂ ਦੀਆਂ ਭਾਵਨਾਵਾਂ ਨਾਲ ਜੁੜੇ ਬੇਅਦਬੀ ਦੇ ਮੁੱਦੇ ਨੂੰ ਸਿਰਫ਼ ਮੀਡੀਆ ਦਾ ਮੁੱਦਾ ਕਹਿਣ ਤੋਂ ਪਹਿਲਾਂ ਕੇਜਰੀਵਾਲ ਨੂੰ ਸੋਚਣਾ ਚਾਹੀਦਾ ਸੀ ਕਿ ਸਮੇਂ ਦੀ ਹਕੂਮਤ ਨੇ ਬੇਅਦਬੀ ਕਾਂਡ ਵਾਲੇ ਦੋਸ਼ੀਆਂ ਦੀ ਸਰਪ੍ਰਸਤੀ ਹੀ ਨਹੀਂ ਕੀਤੀ, ਆਪਣੀ ਪੁਲਸ ਤੋਂ ਸ਼ਾਂਤਮਈ ਧਰਨੇ ਉੱਤੇ ਬੈਠੀਆਂ ਸੰਗਤਾਂ ਉਪਰ ਜ਼ੁਲਮ ਵੀ ਕਰਾਇਆ ਸੀ, ਗੋਲੀ ਚਲਾ ਕੇ ਦੋ ਸਿੱਖ ਨੌਜਵਾਨ ਸ਼ਹੀਦ ਕੀਤੇ, ਕਈ ਜ਼ਖ਼ਮੀ ਅਤੇ ਮ੍ਰਿਤਕ ਸਰੀਰਾਂ ਵਿੱਚੋਂ ਨਿਕਲੀਆਂ ਗੋਲੀਆਂ ਟੈਂਪਰ ਕੀਤੀਆਂ, ਅਸਲ ਸਬੂਤ ਮਿਟਾ ਕੇ ਨਕਲ ਪੈਦਾ ਕਰਨ ਦੀ ਹਰ ਸ਼ਰਮਨਾਕ ਹਰਕਤ ਕੀਤੀ ਸੀ ਤੇ ਪੀੜਤ ਪਰਵਾਰਾਂ ਨੂੰ ਇਨਸਾਫ਼ ਲੈਣ ਲਈ ਮੋਰਚਾ ਲਾਉਣਾ ਪੈ ਰਿਹਾ ਹੈ। ਮੀਡੀਆ ਨਾਲ ਗੱਲਬਾਤ ਦੌਰਾਨ ਸ਼ਹੀਦ ਕਿਸ਼ਨ ਭਗਵਾਨ ਸਿੰਘ ਦੇ ਬੇਟੇ ਸੁਖਰਾਜ ਸਿੰਘ ਨਿਆਮੀਵਾਲਾ ਅਤੇ ਗੁਰਜੀਤ ਸਿੰਘ ਬਿੱਟੂ ਦੇ ਪਿਤਾ ਸਾਧੂ ਸਿੰਘ ਸਰਾਵਾਂ ਨੇ ਕਿਹਾ ਕਿ ਪੰਥਦੋਖੀਆਂ ਵੱਲੋਂ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੀ ਕੀਤੀ ਬੇਅਦਬੀ ਨਾਲ ਦੇਸ਼-ਵਿਦੇਸ਼ ਦੇ ਹਰ ਸਿੱਖ ਅਤੇ ਹਰ ਪੰਜਾਬੀ ਦਾ ਹਿਰਦਾ ਵਲੂੰਧਰਿਆ ਗਿਆ ਹੈ, ਪਰ ਅਫ਼ਸੋਸ ਕਿ ਰਾਜਨੀਤਕ ਲੋਕਾਂ ਲਈ ਪਾਵਨ ਸਰੂਪ ਦੇ ਗਲੀਆਂ ਵਿੱਚ ਖਿਲਾਰੇ ਗਏ ਅੰਗ ਮਜ਼ਾਕ ਬਣ ਗਏ ਹਨ ਸੁਖਰਾਜ ਸਿੰਘ ਤੇ ਸਾਧੂ ਸਿੰਘ ਨੇ ਕਿਹਾ ਕਿ ਸਿਆਸਤਦਾਨਾਂ ਨੂੰ ਬੇਤੁਕੀ ਬਿਆਨਬਾਜ਼ੀ ਕਰਨ ਤੋਂ ਪਹਿਲਾਂ ਇਹ ਜ਼ਰੂਰ ਸੋਚਣਾ ਚਾਹੀਦਾ ਹੈ ਕਿ ਬੇਅਦਬੀ ਕਾਂਡ ਦਾ ਸ਼ਾਂਤਮਈ ਰੋਸ ਪ੍ਰਦਰਸ਼ਨ ਰਾਹੀਂ ਇਨਸਾਫ਼ ਮੰਗਦਿਆਂ ਪੁਲਸ ਦੀਆਂ ਗੋਲੀਆਂ ਸਾਡੇ ਹਿੱਸੇ ਆਈਆਂ, ਹਸਦੇ ਵਸਦੇ ਪਰਵਾਰਾਂ ਵਿੱਚ ਸੱਥਰ ਵਿਛ ਗਏ, ਦੋਨੋਂ ਘਰਾਂ ਦੇ ਕਮਾਊ ਪੁੱਤ ਪੁਲਸ ਨੇ ਮਾਰ ਦਿੱਤੇ, ਦੋਸ਼ੀ ਸਾਹਮਣੇ ਆਉਣ ਦੇ ਬਾਵਜੂਦ ਸਮੇਂ ਦੀਆਂ ਸਰਕਾਰਾਂ ਨੇ ਉਨ੍ਹਾਂ ਵਿਰੁੱਧ ਕਾਰਵਾਈ ਕਰਨ ਦੀ ਬਜਾਏ ਉਲਟਾ ਉਨ੍ਹਾਂ ਨੂੰ ਸੁਰੱਖਿਆ ਕਰਮਚਾਰੀ ਦੇ ਕੇ ਖਾਸ ਵੀ ਆਈ ਪੀ ਬਣਾ ਦਿੱਤਾ ਹੈ। ਐਨੀ ਦਰਦਨਾਕ ਘਟਨਾ ਨੂੰ ਸਿਰਫ਼ ਮੀਡੀਆ ਦਾ ਮੁੱਦਾ ਕਹਿਣ ਦੀ ਬਿਆਨਬਾਜ਼ੀ ਦਾ ਜੇ ਅਰਵਿੰਦ ਕੇਜਰੀਵਾਲ ਨੇ ਜਲਦ ਸਪੱਸ਼ਟੀਕਰਨ ਨਾ ਦਿੱਤਾ ਤਾਂ ਉਹ ਅਗਲੇਰੀ ਰਣਨੀਤੀ ਲਈ ਪੰਥਕ ਇਕੱਤਰਤਾ ਬੁਲਾਉਣ ਤੋਂ ਗੁਰੇਜ਼ ਨਹੀਂ ਕਰਨਗੇ।



# ਰਾਜੇਵਾਲ ਵੱਲੋਂ ਐਲਾਨ: ਸੰਯੁਕਤ ਸਮਾਜ ਮੋਰਚਾ ਦੇ ਉਮੀਦਵਾਰ ਆਜ਼ਾਦ ਹੀ ਚੋਣ ਲੜਨਗੇ

ਚੰਡੀਗੜ੍ਹ-ਸੰਯੁਕਤ ਸਮਾਜ ਮੋਰਚਾ ਵੱਲੋਂ ਚੋਣ ਮੈਦਾਨ ਵਿੱਚ ਸੀਨੀਅਰ ਕਿਸਾਨ ਲੀਡਰ ਬਲਬੀਰ ਸਿੰਘ ਰਾਜੇਵਾਲ ਨੇ ਦੱਸਿਆ ਹੈ ਕਿ ਉਨ੍ਹਾਂ ਦੀ ਸਿਆਸੀ ਪਾਰਟੀ ਸੰਯੁਕਤ ਸਮਾਜ ਮੋਰਚਾ ਦੀ ਰਜਿਸਟ੍ਰੇਸ਼ਨ ਭਾਵੇਂ ਹੋ ਚੁੱਕੀ ਹੈ, ਪਰ ਇਸ ਵਾਰ ਦੀ ਚੋਣ ਪਾਰਟੀ ਦੇ ਨਾਮ ਉੱਤੇ ਨਹੀਂ ਲੜੀ ਜਾ ਸਕੇਗੀ। ਰਾਜੇਵਾਲ ਨੇ ਦੱਸਿਆ ਕਿ ਪਾਰਟੀ ਦੇ ਨਾਮ ਉੱਤੇ ਚੋਣ ਲੜਨ ਦਾ ਸਮਾਂ ਬੀਤ ਚੁੱਕਾ ਹੈ। ਇਸ ਲਈ ਆਜ਼ਾਦ ਤੌਰ ਉੱਤੇ ਚੋਣ ਲੜੀ ਜਾਏਗੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਉਮੀਦਵਾਰਮੁੱਖ ਤੌਰ ਉੱਤੇ ਤਿੰਨ ਚੋਣ ਨਿਸ਼ਾਨਾਂਮੰਜਾ, ਘੜਾ ਤੇ ਕੈਂਚੀਉੱਤੇ ਚੋਣ ਲੜਨਗੇ। ਉਨ੍ਹਾਂ ਦੇ ਸਾਰੇ ਉਮੀਦਵਾਰਾਂ ਨੇ ਇਨ੍ਹਾਂ ਚੋਣ ਨਿਸ਼ਾਨਾਂ ਲਈ ਅਪਲਾਈ ਕੀਤਾ ਹੈ, ਪਰ ਦੇਖਣਾ ਇਹ ਹੋਏਗਾ ਕਿ ਚੋਣ ਕਮਿਸ਼ਨ ਕਿਸ ਨੂੰ ਕੀ ਚੋਣ ਨਿਸ਼ਾਨ ਦਿੰਦਾ ਹੈ। ਇਸ ਮੌਕੇ ਰਾਜੇਵਾਲ ਨੇ ਦੋਸ਼ ਲਾਇਆ ਕਿ'ਆਮ ਆਦਮੀ ਪਾਰਟੀ ਤੇ ਹੋਰਨਾਂ ਪਾਰਟੀਆਂ ਨੇ ਪਹਿਲਾਂ ਸਾਡੀ ਪਾਰਟੀ ਨੂੰ ਰਜਿਸਟਰ ਨਹੀਂ ਹੋਣ ਦਿੱਤਾ, ਸਾਡੇ ਉੱਤੇ ਕੁਝ ਐਸੇ ਇਤਰਾਜ਼ ਲਾਏ, ਜੋ ਸਹੀ ਨਹੀਂ ਸਨ। ਅਸੀਂ ਸਾਰੇ ਇਤਰਾਜ਼ ਦੂਰ ਕੀਤੇ ਅਤੇ ਚੋਣ ਕਮਿਸ਼ਨ ਨੇ ਰਾਜਨੀਤਕ ਪਾਰਟੀ ਵਜੋਂਸਾਨੂੰ ਮਾਨਤਾ ਦੇ ਦਿੱਤੀ ਹੈ। ਰਾਜੇਵਾਲ ਨੇ ਕਿਹਾ, 'ਮੈਂ 80 ਸਾਲ ਦੀ ਉਮਰ ਵਿੱਚ ਰਿਟਾਇਰਮੈਂਟ ਚਾਹੁੰਦਾ ਸੀ, ਪਰ ਲੋਕਾਂ ਨੇ ਮੈਨੂੰ ਜ਼ੋਰ ਪਾਇਆ ਕਿ ਮੈਂ ਚੋਣ ਲੜਾਂ, ਇਸ ਲਈ ਚੋਣ ਲੜ ਰਿਹਾ ਹਾਂ।



## 9 ਮਹੀਨੇ ਤੱਕ ਬੱਚੇ ਨੂੰ ਗਰਭ ਵਿੱਚ ਨਹੀਂ ਰੱਖਣਾ ਪਏਗਾ, ਰੋਬਟ ਦਾਈ ਬਣੇਗਾ

ਬੀਜਿੰਗ-ਵਿਗਿਆਨਕ ਬਨਾਉਟੀ ਬੁੱਧੀਮਤਾ ਜਨਮ ਤੋਂ ਲੈ ਕੇ ਵੱਡੇ ਹੋਣ ਤੱਕ ਦੀ ਪੂਰੀ ਪ੍ਰਕਿਰਿਆ ਬਦਲਣ ਲਈ ਤਿਆਰ ਹੈ। ਚੀਨੀ ਵਿਗਿਆਨੀਆਂ ਨੇ ਪਿੱਛੇ ਜਿਹੇ ਦਾਅਵਾ ਕੀਤਾ ਹੈ ਕਿ ਕੁਝ ਸਾਲ ਬਾਅਦ ਭਰੂਣ ਬਨਾਉਟੀ ਹੋ ਜਾਏਗਾ ਅਤੇ ਇਸ ਦੀ ਦੇਖਭਾਲ ਲਈ ਰੋਬਟ ਦਾਈ ਦੀ ਭੂਮਿਕਾ ਨਿਭਾਏਗਾ। ਦੁਨੀਆ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਚੀਨ ਘਟਦੀ ਜਨਮ ਦਰ ਤੋਂ ਚਿੰਤਤ ਹੈ। ਬੀਤੇ ਦਹਾਕਿਆਂ ਵਿੱਚ ਇੱਥੇ ਜਨਮ ਦਰ ਵਿੱਚ ਤੇਜ਼ੀ ਨਾਲ ਗਿਰਾਵਟ ਆਈ ਹੈ। ਇਸੇ ਕਾਰਨ ਇਹ ਮੰਨਿਆ ਜਾਂਦਾ ਹੈ ਕਿ ਵਿਗਿਆਨੀ ਇਸ ਉਤੇ ਆਧਾਰਤ ਤਕਨੀਕਾਂ ਤਿਆਰ ਕਰ ਰਹੇ ਹਨ। ਇਸ ਵਿੱਚ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਔਰਤ ਨੂੰ ਨੌਂ ਮਹੀਨੇ ਤੱਕ ਬੱਚੇ ਨੂੰ ਗਰਭ ਵਿੱਚ ਨਹੀਂ ਰੱਖਣਾ ਪਵੇਗਾ ਤੇ ਇਸ ਤਰ੍ਹਾਂ ਉਹ ਗਰਭਅਵਸਥਾ ਦੌਰਾਨ ਹੋਣ ਵਾਲੀਆਂ ਸਮੱਸਿਆਵਾਂ ਤੋਂ ਛੁਟਕਾਰਾ ਪਾ ਸਕੇਗੀ। ਇਹੀ ਨਹੀਂ, ਉਹ ਬਨਾਉਟੀ ਭਰੂਣ ਵਿੱਚ ਬੱਚੇ ਨੂੰ ਵੱਡਾ ਹੁੰਦੇ ਹੋਏ ਦੇਖ ਸਕੇਗੀ ਤੇ ਭਰੂਣ ਦੀ ਨਿਗਰਾਨੀ ਲਈ ਰੋਬਟ ਹੋਣਗੇ। ਇਹ ਪ੍ਰਯੋਗ ਫਿਲਹਾਲ ਚੂਹਿਆਂ ਉਤੇ ਕੀਤਾ ਜਾ ਰਿਹਾ ਹੈ। ਦੂਜੇ ਪਾਸੇ ਸਾਊਥ ਚਾਈਨਾ ਮੋਰਨਿੰਗ ਪੋਸਟ ਨੇ ਚੀਨੀ ਵਿਗਿਆਨੀਆਂ ਦੇ ਹਵਾਲੇ ਨਾਲ ਕਿਹਾ ਕਿ ਤਕਨੀਕ ਜੀਵਨ ਦੇ ਵਿਕਾਸ ਨੂੰ ਸਮਝਣ ਵਿੱਚ ਮਦਦ ਕਰ ਰਹੀ ਹੈ।

# ਮੁਜ਼ਾਹਰਾਕਾਰੀਆਂ ਨਾਲ ਸਿੱਝਣ ਲਈ ਆਰ.ਸੀ.ਐਮ.ਪੀ. ਮੁਹੱਈਆ ਕਰਾਵੇਗੀ ਵਾਧੂ ਮਦਦ

ਓਟਵਾ-ਟਰੱਕਰਜ਼ ਦੇ ਕਾਫਲੇ ਨਾਲ ਜੁੜੇ ਮੁਜ਼ਾਹਰਾਕਾਰੀਆਂ ਨਾਲ ਸਿੱਝਣ ਲਈ ਓਟਵਾ ਸਿਟੀ ਨੂੰ ਵਾਧੂ ਆਰਸੀਐਮਪੀ ਅਧਿਕਾਰੀ ਮੁਹੱਈਆ ਕਰਵਾਏ ਜਾਣਗੇ। ਪਬਲਿਕ ਸੇਫਟੀ ਮੰਤਰੀ ਮਾਰਕੋ ਮੈਂਡੋਸਿਨੋ ਨੇ ਆਖਿਆ ਕਿ ਇਸ ਸਬੰਧ ਵਿੱਚ ਵੀਰਵਾਰ ਰਾਤ ਨੂੰ ਓਟਵਾ ਦੇ ਮੇਅਰ ਜਿੰਮ ਵਾਟਸਨ ਨਾਲ ਉਨ੍ਹਾਂ ਦੀ ਕਾਫੀ ਉਸਾਰੂ ਗੱਲਬਾਤ ਹੋਈ।ਮੇਅਰ ਵੱਲੋਂ ਮੈਂਡੀਸਿਨੋ ਤੋਂ ਟਰੱਕਰਜ਼ ਨਾਲ ਸਿੱਝਣ ਲਈ ਵਾਧੂ ਸਰੋਤ ਮੰਗੇ ਗਏ ਸਨ। ਮੈਂਡੀਸਿਨੋ ਨੇ ਇੱਕ ਬਿਆਨ ਜਾਰੀ ਕਰਕੇ ਆਖਿਆ ਕਿ ਇਸ ਟਰੱਕਰਜ਼ ਦੇ ਕਾਫਲੇ ਕਾਰਨ ਲੋਕਲ ਰੈਜ਼ੀਡੈਂਟਸ ਨੂੰ ਕਾਫੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਵੱਲੋਂ ਨਫਰਤ ਭਰੇ ਨਾਅਰੇ ਲਾਏ ਜਾ ਰਹੇ ਹਨ, ਕਿਤੇ ਕਿਤੇ ਟਰੱਕਰਜ਼ ਹਿੰਸਕ ਵੀ ਹੋ ਰਹੇ ਹਨ ਤੇ ਸਰਕਾਰੀ ਤੇ ਇਤਿਹਾਸਕ ਸੰਪਤੀ ਨੂੰ ਨੁਕਸਾਨ ਵੀ ਪਹੁੰਚਾ ਰਹੇ ਹਨ। ਜਿਸ ਕਾਰਨ ਲੋਕਲ ਰੈਜ਼ੀਡੈਂਟਸ ਨੂੰ ਕਈ ਜ਼ਰੂਰੀ ਸੇਵਾਵਾਂ ਨਹੀਂ ਮਿਲ ਪਾ ਰਹੀਆਂ। ਮੇਅਰ ਨੇ ਇਹ ਵੀ ਲਿਖਿਆ ਕਿ ਕਮਿਊਨਿਟੀ ਨੂੰ ਇਹ ਲੱਗਣਾ ਚਾਹੀਦਾ ਹੈ ਕਿ ਕਾਨੂੰਨ ਬਰਕਰਾਰ ਹੈ ਤੇ ਪੁਲਿਸ ਵੱਲੋਂ ਸਥਿਤੀ ਨੂੰ ਨਿਯੰਤਰਣ ਵਿੱਚ ਲੈ ਲਿਆ ਗਿਆ ਹੈ ਤੇ ਪਬਲਿਕ ਸੇਫਟੀ ਮੇਨਟੇਨ ਕੀਤੀ ਜਾ ਰਹੀ ਹੈ।ਇਹ ਬੇਨਤੀ ਪਹਿਲਾਂ ਤੋਂ ਹੀ ਤਾਇਨਾਤ ਆਰਸੀਐਮਪੀ ਸਰੋਤਾਂ ਤੋਂ ਇਲਾਵਾ ਹੋਰ ਪੁਲਿਸ ਤਾਇਨਾਤ ਕਰਨ ਲਈ ਕੀਤੀ ਗਈ ਸੀ। ਵਾਟਸਨ ਨੇ ਆਖਿਆ ਕਿ ਮੰਤਰੀ ਵੱਲੋਂ ਉਨ੍ਹਾਂ ਨੂੰ ਭਰੋਸਾ ਦਿਵਾਇਆ ਗਿਆ ਹੈ ਕਿ ਉਨ੍ਹਾਂ ਦੀ ਸਹਿਯੋਗ ਲਈ ਆਈ ਬੇਨਤੀ ਨੂੰ ਆਰਸੀਐਮਪੀ ਕਮਿਸ਼ਨਰ ਲੱਕੀ ਵੱਲੋਂ ਪਹਿਲ ਦੇ ਅਧਾਰ ਉੱਤੇ ਵਿਚਾਰਿਆ ਗਿਆ ਹੈ ਤੇ ਉਨ੍ਹਾਂ ਨੂੰ ਵਾਧੂ ਮਦਦ ਮੁਹੱਈਆ ਕਰਵਾਈ ਜਾਵੇਗੀ।







# ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਟਿੱਪਣੀ ਉੱਤੇ ਭਗਵੰਤ ਮਾਨ ਵੱਲੋਂ ਕਰਾਰਾ ਜਵਾਬ

ਚੰਡੀਗੜ੍ਹ-ਆਮ ਆਦਮੀ ਪਾਰਟੀ ਦੇ ਪੰਜਾਬ ਦੇ ਪ੍ਰਧਾਨ ਅਤੇਮੁੱਖ ਮੰਤਰੀ ਅਹੁਦੇ ਲਈ ਉਮੀਦਵਾਰ ਅਤੇ ਪਾਰਲੀਮੈਂਟ ਮੈਂਬਰ ਭਗਵੰਤ ਮਾਨ ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਵੱਲੋਂ ਕੀਤੀ ਇਸ ਟਿੱਪਣੀ ਕਿ 'ਲੋਕਾਂ ਨੂੰ ਗੰਭੀਰਤਾ ਚਾਹੀਦੀ ਹੈ, ਡਰਾਮੇਬਾਜੀ ਜਾਂ ਨੌਟੰਕੀ ਨਹੀ ਦੀ ਪ੍ਰੋੜ੍ਹਤਾ ਕਰਦਿਆਂ ਜਵਾਬੀ ਹਮਲਾ ਕੀਤਾ ਅਤੇਕਿਹਾ, 'ਪੰਜਾਬ ਨੂੰ ਲੋਕ ਪੱਖੀ ਅਤੇ ਗੰਭੀਰ ਆਗੂਆਂ ਦੀ ਲੋੜ ਹੈ, ਉਨ੍ਹਾਂ ਭ੍ਰਿਸ਼ਟ, ਮੀਸਣੇ ਅਤੇ ਮਸੰਦ ਆਗੂਆਂ ਦੀ ਨਹੀਂ, ਜਿਨ੍ਹਾਂ ਦੇ ਰਾਜਵਿੱਚ ਪੰਜਾਬ ਨੇ ਖ਼ੂਨ ਦੇ ਹੰਝੂ ਵਹਾਏ ਅਤੇ ਜਵਾਨੀ ਨਸ਼ਿਆਂ ਦੀ ਦਲਦਲ ਵਿੱਚ ਡੁੱਬੀ ਸੀ। ਅੱਜ ਬੁੱਧਵਾਰ ਨੂੰ ਪਾਰਟੀ ਦੇਮੁੱਖ ਦਫ਼ਤਰ ਤੋਂ ਜਾਰੀ ਬਿਆਨ ਰਾਹੀਂ ਭਗਵੰਤ ਮਾਨ ਨੇ ਸਾਬਕਾ ਮੁੱਖ ਮੰਤਰੀ ਅਤੇ ਅਕਾਲੀ ਦਲ ਬਾਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਦੀ ਅਲੋਚਨਾ ਕਰਦਿਆਂ ਕਿਹਾ, 'ਅਕਾਲੀ ਦਲ ਅਤੇ ਪੰਜਾਬ ਦੀ ਸਿਆਸਤ ਉੱਤੇ ਪ੍ਰਕਾਸ਼ ਸਿੰਘ ਬਾਦਲ ਅਤੇ ਉਨਾਂ ਦੇ ਸਾਕ-ਸੰਬੰਧੀ ਕਾਬਜ ਰਹੇ ਹਨ। ਇਕੱਲੇ ਪ੍ਰਕਾਸ਼ ਸਿੰਘ ਬਾਦਲ ਹੀ ਕਰੀਬ 19-20 ਸਾਲ ਪੰਜਾਬ ਦੇ ਮੁੱਖ ਮੰਤਰੀ ਰਹੇ ਤੇ ਉਨਾਂ ਨੂੰ ਸਿਆਣਾ ਆਗੂ ਸਮਝ ਕੇ ਪੰਜਾਬੀਆਂ ਨੇ ਪੰਜ ਵਾਰ ਮੁੱਖ ਮੰਤਰੀ ਬਣਾਇਆ, ਪਰ ਪ੍ਰਕਾਸ਼ ਸਿੰਘ ਬਾਦਲ ਦੇ ਰਾਜ ਵਿੱਚਹੋ ਹਾਲ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦਾ ਹੋ ਗਿਆ ਹੈ, ਉਹ ਕਿਸੇ ਤੋਂ ਲੁਕਿਆ ਨਹੀਂ। ਉਨ੍ਹਾ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਦੇ ਸਿਆਸੀ ਦੌਰ ਵਿੱਚ ਪੰਜਾਬ ਨੇ ਏਦਾਂ ਦਾ ਸੰਤਾਪ ਭੋਗਿਆ, ਜਿਹੜਾਕਈ ਪੀੜ੍ਹੀਆਂ ਨਹੀਂ ਭੁੱਲਣਗੀਆਂ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ, ਨੌਜਵਾਨੀ



ਦਾ ਘਾਣ, ਪੰਜਾਬ ਸਿਰ ਕਰਜੇ ਦੀ ਪੰਡ, ਮਾਫ਼ੀਆ ਰਾਜ ਤੇ ਨਸ਼ੇ ਦਾ ਸਾਮਰਾਜ ਸਭ ਪ੍ਰਕਾਸ਼ ਸਿੰਘ ਬਾਦਲ ਦੀ ਦੇਣ ਹੈ। ਮਾਨ ਨੇ ਪ੍ਰਕਾਸ਼ ਸਿੰਘ ਬਾਦਲ ਨੂੰ ਪੁੱਛਿਆ, 'ਉਸ ਆਗੂ ਨੂੰ ਕੀ ਕਹੀਏ, ਜਿਹੜਾ ਪੰਜਾਬ ਨੂੰ ਬਲਦੀ ਭੱਠੀ ਵਿੱਚ ਝੋਕ ਕੇ ਆਪ ਦੂਸਰੇ ਰਾਜ ਵਿਚਲੇ ਫਾਰਮ ਹਾਊਸ ਉੱਤੇ ਜਾ ਬੈਠੇ ਅਤੇ ਆਪਣੇ ਪੁੱਤ ਨੂੰ ਵਿਦੇਸ਼ ਭੇਜ ਦੇਵੇ। ਆਮ ਲੋਕਾਂ ਦੇ ਪੁੱਤਾਂ ਨੂੰ ਪੰਥ ਬਚਾਉਣ ਲਈ ਅੱਗ ਵਿੱਚ ਝੋਕ ਦੇਵੇ, ਪਰ ਜਦੋਂ ਰਾਜ ਕਰਨ ਦਾ ਮੌਕਾ ਆਵੇ ਤਾਂ ਆਪਣੇ ਪੁੱਤਰ ਨੂੰ ਵਿਦੇਸ਼ ਤੋਂ ਸੱਦ ਕੇ ਸਰਕਾਰ ਦੀ ਵਾਗ ਉਸ ਨੂੰ ਫੜਾ ਦੇਵੇ। ਉਨਾਂ ਕਿਹਾ ਕਿ ਸੱਤਾ ਵਿੱਚ ਬਾਦਲ ਪਰਿਵਾਰ, ਕੈਪਟਨ ਪਰਿਵਾਰ ਸਮੇਤ ਅਕਾਲੀ ਦਲ ਅਤੇ ਕਾਂਗਰਸ ਨੇ ਵਾਰੀ ਬੰਨ੍ਹ ਕੇ ਪੰਜਾਬ ਦਾ ਖ਼ਜ਼ਾਨਾ ਲੁੱਟਿਆ ਅਤੇ ਇਸ ਨੂੰ ਉਜਾੜਿਆ ਹੈ। ਭਗਵੰਤ ਮਾਨ ਨੇ ਪ੍ਰਕਾਸ਼ ਸਿੰਘ ਬਾਦਲ ਵੱਲੋਂ ਕਹੇ ਸ਼ਬਦਾਂ ਦੇ ਜਵਾਬ ਵਿੱਚ ਕਿਹਾ ਕਿ ਉਹ ਪੰਜਾਬ ਉੱਤੇ ਰਹਿਮ ਕਰਨ ਅਤੇ ਕੋਈ ਗੰਭੀਰ ਗੱਲ ਕਰਨ, ਪੰਜਾਬ, ਪੰਥ ਅਤੇ ਪੰਜਾਬੀਆਂ ਨੇ ਉਨ੍ਹਾਂ ਦੇ ਰਾਜ ਦੇ ਸੰਤਾਪ ਨੂੰ ਆਪਣੇ ਪਿੰਡੇ ਉੱਤੇ ਹੰਢਾਇਆ ਹੈ। ਪੰਜਾਬ ਦੇ ਲੋਕ ਇਸ ਵਾਰ ਵਿਧਾਨ ਸਭਾ ਚੋਣਾ ਨੂੰ ਜ਼ਰੂਰ ਗੰਭੀਰਤਾ ਨਾਲ ਲੈਣਗੇ। ਡਰਾਮੇਬਾਜੀ ਤੇ ਨੌਟੰਕੀ ਕਰਨ ਵਾਲੇ ਮੀਸਣੇ-ਮਸੰਦ ਆਗੂਆਂ ਨੂੰ ਮੂੰਹ ਨਹੀਂ ਲਾਉਣਗੇ। ਉਨਾਂ ਕਿਹਾ, 'ਲੋਕਾਂ ਨੇ ਅਕਾਲੀ ਦਲ ਤੇ ਬਾਦਲ ਪਰਿਵਾਰ ਦੇ ਰਾਜ ਨੂੰ ਪਰਖ ਲਿਆ ਅਤੇ ਦੋਗਲੇ ਚਿਹਰਿਆਂ ਵਾਲੇ ਆਗੂਆਂ ਦੀ ਪੰਜਾਬ ਦੇ ਲੋਕਾਂ ਨੂੰ ਪਛਾਣ ਹੋ ਚੁੱਕੀ ਹੈ।






## ਇਮਰਾਨ ਖਾਨ ਦੀ ਪਹਿਲੀ ਪਤਨੀ ਰੇਹਮ ਨੇ ਇਮਰਾਨ ਦੀ ਅੱਯਾਸ਼ੀ ਦੇ ਕੱਚੇ ਚਿੱਠੇ ਖੋਲ੍ਹੇ

### 'ਡਰੱਗਜ਼ ਤੇ ਭ੍ਰਿਸ਼ਟਾਚਾਰ ਬਾਰੇ ਵੀ ਹੈਰਾਨੀਜਨਕ ਖੁਲਾਸੇ

ਇਸਲਾਮਾਬਾਦ-ਆਰਥਿਕ ਪੱਖੋਂ ਬਹੁਤ ਬੁਰੇ ਹਾਲਾਤ ਤੋਂ ਗੁਜ਼ਰ ਰਹੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਦੀਆਂ ਮੁਸ਼ਕਲਾਂ ?ਦੋਂ ਵਧ ਗਈਆਂ, ਜਦੋਂ ਉਨ੍ਹਾਂ ਦੀ ਸਾਬਕਾ ਪਤਨੀ ਰੇਹਮ ਖਾਨ ਦੀ ਕਿਤਾਬ ਰਿਲੀਜ਼ ਹੋਈ ਅਤੇ ਇਸ ਵਿੱਚ ਇਮਰਾਨ ਖਾਨ ਬਾਰੇ ਕਈ ਖੁਲਾਸੇ ਕੀਤੇ ਗਏ ਹਨ। ਇਮਰਾਨ ਦੀ ਸਾਬਕਾ ਪਤਨੀ ਰੇਹਮ ਖਾਨ ਦੀ ਕਿਤਾਬ ਦੇ ਹੱਥ-ਲਿਖਤ ਅੰਸ਼ਾਂ ਦੇ ਲੀਕ ਹੋਣ ਤੋਂ ਕਈ ਮਹੀਨੇ ਬਾਅਦ ਉਸ ਦੀ ਕਿਤਾਬ ਅੱਜ ਵੀਰਵਾਰਛਪ ਕੇ ਸਾਹਮਣੇ ਆਈ ਹੈ, ਜਿਸ ਵਿਚ ਰੇਹਮ ਨੇ ਆਪਣੇ 10 ਮਹੀਨਿਆਂ ਦੇ ਵਿਆਹੁਤਾ ਜੀਵਨ ਬਾਰੇ ਲਿਖਦਿਆਂ ਉਸ ਸਮੇਂ ਦੇ ਰਾਜਨੀਤਕ ਮਾਹੌਲ ਤੇ ਇਮਰਾਨ ਦੀ ਅੱਯਾਸ਼ੀ ਤੇ ਭ੍ਰਿਸ਼ਟਾਚਾਰ ਦਾ ਚਿੱਠਾ ਖੋਲ੍ਹਿਆ ਹੈ। ਉਸ ਨੇ ਕਿਤਾਬ ਵਿੱਚ ਇਹ ਵੀ ਲਿਖਿਆ ਹੈ ਕਿ ਕਿਵੇਂ ਇਮਰਾਨ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਵਜੋਂ ਆਪਣੇ ਭਵਿੱਖ ਬਾਰੇ ਅਕਸਰ ਗੱਲਾਂ ਕਰਦੇ ਹੁੰਦੇ ਸਨ ਤੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮਿਸਾਲ ਦਿੰਦੇ ਸਨ, ਜਿਹੜੇ 'ਕੱਟੜਪੰਥੀ ਵਿਚਾਰਾਂ ਦੇ ਬਾਵਜੂਦ ਸੱਤਾ ਵਿੱਚ ਆਏ ਸਨ। ਰੇਹਮ ਖਾਨ ਦਾ ਦੋਸ਼ ਹੈ ਕਿ ਇਮਰਾਨ ਖਾਨ ਇਕ 'ਫ੍ਰੀ-ਲੋਡਰ ਸੀ, ਜਿਹੜਾ ਸਿਆਸੀ ਆਗੂਆਂ ਨੂੰ ਗੰਦੀਆਂ ਗਾਲ੍ਹਾਂ ਕੱਢਦਾ ਸੀ। ਉਹ ਲਿਖਦੀ ਹੈ ਕਿ ਇਮਰਾਨ ਦੇ ਘਰ ਵਿੱਚ ਸਬਜ਼ੀਆਂ ਅਤੇ ਹੋਰ ਖਾਣ-ਪੀਣ ਦੀਆਂ ਚੀਜ਼ਾਂ ਕਦੇ ਨਹੀਂ ਖਰੀਦੀਆਂ ਗਈਆਂ ਤੇ ਜਹਾਂਗੀਰ ਤਾਰੀਨ, ਤਾਰਿਕ ਫਜ਼ਲ ਚੌਧਰੀ ਸਮੇਤ ਵੱਖ-ਵੱਖ ਨੇਤਾਵਾਂ ਤੋਹਫ਼ੇ ਵਜੋਂ ਦਿੰਦੇ ਸਨ। ਉਸ ਨੇ ਇਮਰਾਨ ਖਾਨ ਉੱਤੇ ਕਾਲਾ ਜਾਦੂ ਕਰਨ ਦਾ ਦੋਸ਼ ਲਾਇਆ ਤੇ ਕਿਤਾਬ ਵਿੱਚ ਇਕ ਘਟਨਾ ਦਾ ਜਿਲ੍ਹਕਰ ਕੀਤਾ ਹੈ, ਜਿਸ ਵਿੱਚ ਉਸ ਨੇ ਇਮਰਾਨ ਨੂੰ ਆਪਣੇ ਨੰਗੇ ਸਰੀਰ ਉੱਤੇ ਕਾਲੀ ਦਾਲ ਰਗੜਦੇਦੇਖਿਆ ਸੀ। ਰੇਹਮ ਖਾਨ ਲਿਖਦੀ ਹੈ ਕਿ ਉਸ ਨੇ ਇਮਰਾਨ ਨੂੰ ਬਾਥਰੂਮ ਵਿੱਚ ਹੈਰੋਇਨ ਤੇ ਕੋਕੀਨ ਵਰਗੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਦੇ ਰੰਗੇ ਹੱਥੀਂ ਫੜਿਆ ਸੀ। ਉਸ ਦਾ ਦਾਅਵਾ ਹੈ ਕਿ ਇਮਰਾਨ ਦੇ ਸਮਲਿੰਗੀ ਸੰਬੰਧ ਵੀ ਸਨ।

# ਗੁ: ਸ੍ਰੀ ਛੇਹਰਟਾ ਸਾਹਿਬ ਵਿਖੇ ਮਨਾਈ ਜਾਂਦੀ ਬਸੰਤ ਪੰਚਮੀ ਦਾ ਮਹਾਤਮ



ਅੰਮ੍ਰਿਤਸਰ ਤੋਂ ਲਗਭਗ 10 ਕਿੱਲੋਮੀਟਰ ਦੀ ਦੂਰੀ 'ਤੇ ਪੱਛਮ ਵਾਲੇ ਪਾਸੇ ਵੱਸੇ ਛੇਹਰਟਾ ਕਸਬੇ 'ਚ ਸਥਿਤ ਗੁ: ਸ੍ਰੀ ਛੇਹਰਟਾ ਸਾਹਿਬ ਵਿਖੇ ਸ਼ਰਧਾ ਭਾਵਨਾ ਨਾਲ ਸਾਲਾਨਾ ਮਨਾਏ ਜਾਂਦੇ ਬਸੰਤ ਪੰਚਮੀ ਦੇ ਜੋੜ ਮੇਲੇ ਦਾ ਪਿਛੋਕੜ ਸਵਾ ਚਾਰ ਸ਼ਤਾਬਦੀਆਂ ਤੋਂ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਸੰਬੰਧਤ ਹੈ। ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਸਪੁੱਤਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗੁਰੂ ਕੀ ਵਡਾਲੀ (ਪੁਰਾਣਾ ਨਾਮ ਨੱਤਾ ਦੀ ਵਡਾਲੀ) ਵਿਖੇ 1595 ਈ: ਨੂੰ ਪ੍ਰਕਾਸ਼ ਲੈਣ ਦੀ ਖੁਸ਼ੀ ਵਿਚ ਪੰਜ ਖੂਹਾਂ ਦਾ ਨਿਰਮਾਣ ਕਰਵਾਇਆ ਸੀ ਜਿਨ੍ਹਾਂ ਵਿਚੋ ਛੇ ਮਾਹਲਾਂ ਵਾਲਾ ਖੂਹ (ਛੇਹਰਟਾ) ਅਕਾਰ 'ਚ ਹੋਰ ਚਾਰ ਖੂਹਾਂ ਤੋਂ ਵੱਡਾ ਸੀ ।ਇਸ ਖੂਹ 'ਤੇ ਬਲਦ ਜੋਣ ਲਈ 6 ਪਲਾਣੇ ਬਣਾਏ ਗਏ ਸਨ । ਹਰੇਕ ਪਲਾਣੇ 'ਤੇ ਦੋ ਬਲਦ ਜੋਏ ਜਾਂਦੇ ਸਨ । ਸੋ 6 ਪਲਾਣਿਆਂ 'ਤੇ 12 ਬਲਦ ਜੋਅ ਕੇ ਮਿਟੀ ਦੀਆਂ ਪੱਕੀਆਂ ਟਿੰਡਾਂ ਰਾਹੀਂ ਇਕੋ ਖੂਹ ਵਿੱਚੋਂ ਵੱਖ ਵੱਖ ਛੇ ਪਾੜਛਿਆਂ ਵਿੱਚ ਜਲ ਬਾਹਰ ਆਕੇ ਖੇਤੀ ਨੂੰ ਸਿੰਝਣ, ਇਸ਼ਨਾਨ ਕਰਨ ਅਤੇ ਛੱਕਣ ਆਦਿ ਦੇ ਕੰਮ ਆਉਂਦਾ ਸੀ । ਸੰਸਾਰ ਦੇ ਇਤਿਹਾਸ ਵਿਚ ਇਕੋ ਖੂਹ 'ਤੇ ਛੇ ਮਾਹਲਾਂ (ਹਰਟ) ਚਲਾਉਣ ਦੀ ਇਤਿਹਾਸਕ ਘਟਨਾ ਪਹਿਲੀ ਵਾਰ ਵਾਪਰੀ ਕਿ ਗੁਰੂ ਜੀ ਨੇ ਖੇਤੀ ਨੂੰ ਸਿੰਝਣ ਲਈ ਇਕੋ ਖੂਹ 'ਤੇ ਛੇ ਮਾਹਲਾਂ (ਪਰਸ਼ੀਅਨ ਵੀਲ) ਚਲਾ ਦਿੱਤੀਆਂ ।ਇਥੇ ਇਹ ਵਰਣਨਯੋਗ ਕਿ 1595 ਈ: ਵਿਚ ਇਸ ਇਲਾਕੇ 'ਚ ਔੜ ਕਾਰਨ ਪਾਣੀ ਦੀ ਬਹੁਤ ਘਾਟ ਸੀ ।ਗੁਰੂ ਜੀ ਵਲੋਂ ਲਗਾਏ ਗਏ ਪੰਜਾਂ ਖੂਹਾਂ 'ਚ ਕਈ ਹਰਟੇ ਚਲਣ ਨਾਲ ਸਾਰੇ ਪਾਸੇ ਫਸਲਬਾੜੀ ਦੀਆਂ ਲਹਿਰਾਂ ਬਹਿਰਾਂ ਹੋ ਗਈਆਂ । ਛੇ ਹਰਟਾਂ ਵਾਲੇ ਖੂਹ ਦੇ ਨਾਮ 'ਤੇ ਹੀ ਕਸਬੇ ਦਾ ਨਾਮ 'ਛੇਹਰਟਾ' ਪ੍ਰਸਿਧ ਹੋ ਗਿਆ ਹੈ ।

ਪੰਚਮ ਗੁਰੂ ਜੀ ਨੇ ਛੇਹਰਟਾ ਖੂਹ ਨੂੰ ਬਸੰਤ ਰੁੱਤ ਵਿਚ ਆਉਂਦੀ ਪੰਚਮੀ ਵਾਲੇ ਦਿਨ ਚਾਲੂ ਕੀਤਾ ਸੀ ਜਿਸ ਕਰਕੇ ਇਸ ਮਹੀਨੇ ਆਉਂਦੀ ਪੰਚਮੀ ਨੂੰ "ਬਸੰਤ ਪੰਚਮੀ" ਕਿਹਾ ਜਾਂਦਾ ਹੈ । ਗੁਰੂ ਕੀ ਵਡਾਲੀ ਵਿੱਚ ਲਗਭਗ 3 ਸਾਲ ਨਿਵਾਸ ਕਰਨ ਤੋਂ ਬਾਅਦ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਮਹਿਲ ਮਾਤਾ ਗੰਗਾ ਜੀ ਅਤੇ ਬਾਲਕ ਹਰਿਗੋਬਿੰਦ ਸਾਹਿਬ ਜੀ ਨੂੰ ਲੈ ਕੇ ਵਾਪਸ ਅੰਮ੍ਰਿਤਸਰ ਗੁਰੂ ਕੇ ਮਹਿਲਾਂ ਵਾਲੇ ਸਥਾਨ 'ਤੇ ਜਾਣ ਤੋਂ ਕੁਝ ਦਿਨ ਪਹਿਲਾਂ ਛੇ ਮਾਹਲਾਂ ਵਾਲੇ 'ਛੇਹਰਟਾ ਖੂਹ' ਨੂੰ ਬਸੰਤ ਪੰਚਮੀ ਵਾਲੇ ਦਿਨ ਆਪਣੇ ਕਰ ਕਮਲਾਂ ਨਾਲ ਚਾਲੂ ਕਰਕੇ ਵਰ ਦੇਂਦਿਆਂ ਜੋ ਫੁਰਮਾਇਆ ਸੀ ?ਹ ਇਤਿਹਾਸਕ ਗ੍ਰੰਥ ਗੁਰ ਬਿਲਾਸ ਪਾਤਸ਼ਾਹੀ ਛੇਵੀਂ ਵਿਚ ਇਸ ਤਰ੍ਹਾਂ ਦਰਜ ਹਨ:–("ਰਚਿ ? ਛੇਹਰਟਾ ਅਤਿ ਸੁਖਦਾਈ। ਤਾ ਕੀ ਮਹਿਮਾ ਅਧਿਕ ਬਡਾਈ। ਪੁੱਤਰ ਹੇਤੁ ਨਾਰੀ ਜੋਉ ਮਾਸਿ ਮਾਸਿ ਈਹਾਂ ਨਾਇ। ਏਕ ਬਰਸਿ ਮਹਿ ਸੁੱਤ ਲਹੈ, ਸਤਿਗੁਰ ਅਸਿ ਫੁਰਮਾਇ"।) ਸੋ ਗੁਰੂ ਜੀ ਵਲੋਂ ਛੇਹਰਟਾ ਖੂਹ ਨੂੰ ਦਿੱਤੀਆਂ ਬਖਸ਼ਿਸ਼ਾਂ ਕਰਕੇ ਸੰਗਤਾਂ ਵਲੋਂ ਹਰੇਕ ਮਹੀਨੇ ਆਉਂਦੀ ਪੰਚਮੀ 'ਤੇ ਇਸ਼ਨਾਨ ਕਰਕੇ ਔਲਾਦ ਲਈ ਅਰਦਾਸਾਂ ਬੇਨਤੀਆਂ ਕਰਵਾਈਆਂ ਜਾਂਦੀਆਂ ਹਨ । ਪੁਰਾਤਨ ਪਰੰਪਰਾ ਅਨੁਸਾਰ ਗੁ: ਸ੍ਰੀ ਛੇਹਰਟਾ ਸਾਹਿਬ ਵਿਖੇ ਔਲਾਦ ਲਈ ਅਰਦਾਸ ਕਰਵਾਉਣ ਵਾਲੇ ਜਗਿਆਸੂਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 396 ਅੰਗ 'ਤੇ ਅੰਕਿਤ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਰਚਿਆ ("ਸਤਿਗੁਰ ਸਾਚੈ ਦੀਆ ਭੇਜਿ ॥ ਚਿਰੁ ਜੀਵਨੁ ਉਪਜਿਆ ਸੰਜੋਗਿ" ॥) ਵਾਲਾ ਸ਼ਬਦ ਜਾਪ ਕਰਨ ਲਈ ਦਿੱਤਾ ਜਾਂਦਾ ਹੈ । ਇਥੇ ਇਹ ਗੱਲ ਯਾਦ ਰੱਖਣਯੋਗ ਹੈ ਕਿ ਭਾਈ ਖਾਨ ਜੀ, ਭਾਈ ਢੋਲ ਜੀ ਅਤੇ ਭਾਈ ਭਾਗੂ ਜੀ ਨੇ 'ਨੱਤਾਂ ਦੀ ਵਡਾਲੀ ਵਾਲੇ ਭਾਈ ਭਾਗੂ ਜੀ ਦੇ ਵਾੜੇ ਵਾਲੇ ਘਰ ਤੋਂ ਜਾ ਕੇ ਪਿੰਡ ਦੇ ਬਾਹਰ ਵਾਰ ਅੰਮ੍ਰਿਤਸਰ ਤੋਂ ਭਾਜੜ ਦੇ ਰੂਪ 'ਚ ਤੰਬੂ ਲਾ ਕੇ ਨਿਵਾਸ ਕਰ ਰਹੇ ਪੰਚਮ ਗੁਰੂ ਜੀ ਨੂੰ ਆਪ ਜੀ ਦੇ ਮਹਿਲ ਮਾਤਾ ਗੰਗਾ ਜੀ ਦੀ ਕੁੱਖੋਂ ਬਾਲਕ ਹਰਿਗੋਬਿੰਦ ਜੀ ਦੇ ਪ੍ਰਕਾਸ਼ ਲੈਣ ਦੀ ਖੁਸ਼ਖਬਰੀ ਦਾ ਜਦ ਸੁੱਭ ਸਮਾਚਾਰ ਸੁਣਾਇਆ ਤਾਂ ਗੁਰੂ ਜੀ ਅਕਾਲ ਪੁਰਖ ਦੇ ਸ਼ੁਕਰਾਨੇ ਹਿੱਤ "ਸਤਿਗੁਰ ਸਾਚੈ ਦੀਆ ਭੇਜਿ" ਵਾਲੇ ਸ਼ਬਦ ਦੀ ਰਚਨਾ ਕੀਤੀ ਸੀ । ਇਸ ਸ਼ਬਦ ਦੀ ਰਚਨਾ ਕਰਨ ਵਾਲੇ ਸਥਾਨ 'ਤੇ ਹੀ ਬਾਅਦ 'ਚ ਪੰਚਮ ਗੁਰੂ ਜੀ ਵਲੋਂ 'ਛੇਹਰਟਾ ਖੂਹ ਤਾਮੀਰ ਕਰਵਾਇਆ ਗਿਆ ਸੀ ਜਿਸ ਹੁਣ 'ਗੁ: ਸ੍ਰੀ ਛੇਹਰਟਾ ਸਾਹਿਬ ਦੇ ਨਾਮ ਨਾਲ ਜਾਣਿਆ ਜਾਂਦਾ ਹੈ । ਪੰਚਮ ਗੁਰੂ ਜੀ ਦੇ ਦਿੱਤੇ ਵਰ ਸਦਕਾ ਸੰਗਤਾਂ ਅਰਦਾਸਾਂ ਪੂਰੀਆਂ ਹੋਣ 'ਤੇ ਸਾਲ ਬਾਅਦ ਭਾਰੀ ਗਿਣਤੀ ਵਿਚ ਬਸੰਤ ਪੰਚਮੀ 'ਤੇ ਆਪਣੇ ਬੱਚਿਆਂ ਦੀਆਂ ਸੁੱਖਣਾ ਪੂਰੀਆਂ ਕਰਨ ਆਉਂਦੀਆਂ ਹਨ । ਗੁ: ਸਾਹਿਬ ਦੇ ਸਰੋਵਰ ਵਿੱਚ ਛੇਹਰਟਾ ਖੂਹ 'ਚੋਂ ਪੈਂਦੇ ਜਲ ਨਾਲ ਸੰਗਤਾਂ ਇਸ਼ਨਾਨ ਕਰਦੀਆਂ ਹਨ –ਯਾਦ ਰਹੇ ਕਿ ਬਾਬਾ ਬੁੱਢਾ ਸਾਹਿਬ ਜੀ ਦੀ ਵੰਸ਼ਜ ਬਾਬਾ ਸਹਾਰੀ ਗੁਰੂ ਕਾ ਹਾਲੀ ਰੰਧਾਵਾ ਦੀ ਚੌਥੀ ਪੀੜੀ ਦੇ ਬਾਬਾ ਬੁੱਧ ਸਿੰਘ ਰੰਧਾਵਾ ਵਲੋਂ ਛੇਹਰਟਾ ਅਤੇ ਪੰਜਹਰਟਾ ਖੂਹਾਂ ਦੀ ਜਮੀਨ ਸੰਗਤਾਂ ਦੀ ਸੇਵਾ ਹਿੱਤ ਲੋਹ ਲੰਗਰ ਦੇ ਨਾਮ ਦਾਨ ਕਰ ਦਿਤੀ ਸੀ ਜਿਸ ਕਰਕੇ ਇਨ੍ਹਾਂ ਦੋ ਖੂਹਾਂ ਦੀ ਜਮੀਨ ਦੀ ਸਾਂਭ ਸੰਭਾਲ ਲਈ ਲੋਕਲ ਗੁ: ਕਮੇਟੀ ਹੋਂਦ ਵਿੱਚ ਆਈ । ਬਾਬਾ ਸਹਾਰੀ ਰੰਧਾਵਾ ਜੀ ਦੀ 9ਵੀਂ ਪੀੜੀ ਵਿਚੋਂ ਹੋਏ ਸੰਤ ਅਮਰੀਕ ਸਿੰਘ ਰੰਧਾਵਾ (ਲੇਖਕ ਦੇ ਪਿਤਾ ਜੀ) ਨੇ ਦੋ ਤਿੰਨ ਦਹਾਕੇ ਲੋਕਲ ਗੁ: ਪ੍ਰਬੰਧਕ ਕਮੇਟੀ ਛੇਹਰਟਾ ਸਾਹਿਬ ਵਿਖੇ ਬਤੌਰ ਮੈਨੇਜਰ ਯਾਦਗਾਰੀ ਸੇਵਾ ਨਿਭਾਅ ਕੇ ਇਲਾਕੇ ਵਿੱਚ ਜੱਸ ਖੱਟਿਆ ਸੀ ।

ਛੇ ਹਰਟਾਂ ਵਾਲੇ ਖੂਹ ਤੋਂ ਇਲਾਵਾ ਪੰਚਮ ਗੁਰੂ ਜੀ ਨੇ ਗੁਰੂ ਕੀ ਵਡਾਲੀ ਦੀ ਜੂਹ ਵਿਚ ਚਾਰ ਹੋਰ ਖੂਹਾਂ (ਦੋ ਹਰਟਾ, ਤਿੰਨ ਹਰਟਾ, ਚਾਰ ਹਰਟਾ ਅਤੇ ਪੰਜ ਹਰਟਾ) ਦੇ ਨਿਰਮਾਣ ਵੀ ਬਾਬਾ ਬੁੱਢਾ ਸਾਹਿਬ ਜੀ ਦੇ ਵੰਸ਼ਜ 'ਬਾਬਾ ਸਹਾਰੀ ਗੁਰੂ ਕਾ ਹਾਲੀ ਰੰਧਾਵਾ ਦੀ ਨਿਗਰਾਨੀ ਹੇਠ ਕਰਵਾਏ ਸਨ । ਪੰਚਮ ਗੁਰੂ ਜੀ ਲਗਭਗ ਤਿੰਨ ਸਾਲ ਦੇ ਬਾਲਕ ਹਰਿਗੋਬਿੰਦ ਜੀ ਅਤੇ ਪਰਿਵਾਰ ਸਮੇਤ ਗੁਰੂ ਕੀ ਵਡਾਲੀ ਤੋਂ ਆਪਣੇ ਅੰਮ੍ਰਿਤਸਰ ਵਾਲੇ ਨਿਵਾਸ ਅਸਥਾਨ ਗੁਰੂ ਕੇ ਮਹਿਲ ਵਾਪਿਸ ਜਾਣ ਤੋਂ ਪਹਿਲਾਂ ਬਾਬਾ ਸਹਾਰੀ ਜੀ ਨੂੰ ਪੰਜਾਂ ਖੂਹਾਂ ਦੀ ਜਮੀਨ ਦਾ ਮਾਲਕ ਬਣਾਕੇ 'ਗੁਰੂ ਕਾ ਹਾਲੀ' ਦਾ ਵਰ ਦੇਂਦੇ ਹੋਏ ਭਾਈ ਖਾਨ ਤੇ ਭਾਈ ਢੋਲ ਜੀ ਵਲੋਂ ਦਿੱਤੀ ਜਮੀਨ ਨੂੰ ਆਬਾਦ ਕਰਨ ਦਾ ਥਾਪੜਾ ਦੇਣ ਤੋਂ ਇਲਾਵਾ ਛੇਹਰਟਾ ਖੂਹ 'ਤੇ ਚਲਦੀਆਂ ਛੇ ਮਾਹਲਾਂ 'ਤੇ ਸੰਗਤਾਂ ਵੱਲੋਂ ਆਪਣੇ ਪਿੰਡਾਂ ਤੋਂ ਬਲਦਾਂ ਦੀਆਂ ਜੋੜੀਆਂ ਖੂਹ 'ਤੇ ਜੋਅ ਕੇ ਪਾਣੀ ਕੱਢਣ ਵਾਲੇ ਸ਼ਰਧਾਲੂਆਂ ਦੀਆਂ ਅਰਦਾਸਾਂ ਬੇਨਤੀਆਂ ਕਰਨ ਦੀ ਵੀ ਬਖਸ਼ਿਸ਼ ਕਰ ਗਏ ਸਨ।



ਬਾਬਾ ਬੁੱਢਾ ਵੰਸ਼ਜ
ਪ੍ਰੋ: ਬਾਬਾ ਨਿਰਮਲ ਸਿੰਘ ਰੰਧਾਵਾ
9988066466


ROHITA PANNU
LAW CORPORATION
BARRISTER & SOLICITOR




SERVICES
• ALL NOTARY PUBLIC
• WILLS & ESTATE
• RESIDENTIAL & COMMERCIAL
• REAL ESTATE BUYING & SELLING
• MORTGAGES
• DIVORCE/ FAMILY LAW

• ਨੋਟਰੀ ਸੇਵਾਵਾਂ
• ਵਸੀਅਤਨਾਮਾ
• ਘਰਾਂ ਅਤੇ ਕੇਅਰਹੋਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ
• ਹਲਫੀਆ ਬਿਆਨ
• ਘਰਾਂ ਦੀ ਖਰੀਦੋ- ਫਰੋਖਤ
• ਮੋਰਟਗੇਜ਼
• ਤਲਾਕ (ਫੈਮਲੀ-ਲਾਅ)

Ph: 604.589.1399
Fax : 604.589.1556 www.rohitapannulaw.com
2 Locations to Serve You
# 102-9278, 120th Street, Surrey, BC V3V 4W8
6303 Fraser Street, Vancouver BC




ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ



ਲੇਖਕ : ਹਰਚੰਦ ਸਿੰਘ ਬਾਗੜੀ
604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

881 ਚਾਰੇ ਪੁੱਤ ਸ਼ਹੀਦੀਆਂ ਪਾ ਗਏ, ਸਾਥੋਂ ਆਪ ਵੀ ਜਾਣ ਹੋ ਦੂਰ ਲੱਗੇ।
ਨਾ ਮਾਤਾ-ਪਿਤਾ ਦੀ ਛਾਂ ਸਿਰ ਤੇ, ਇੰਨਾਂ ਜ਼ੁਲਮ ਕਿਉਂ ਕਰਨ ਹਜ਼ੂਰ ਲੱਗੇ।
ਨਦੀ ਦੁੱਖਾਂ ਦੀ ਨੱਕੋ ਨੱਕ ਭਰੀ, ਸਾਡੇ ਕਿਸੇ ਕਿਨਾਰੇ ਨਾ ਪੂਰ ਲੱਗੇ।
ਹਰਚੰਦ ਸਿੰਘਾ ਝੱਖੜਾਂ ਝਾੜ ਦਿੱਤੇ, ਜੋ ਸਾਡੇ ਬਾਗ ਨੂੰ ਬੂਰ ਲੱਗੇ॥

### ਮਾਤਾ ਸਾਹਿਬ ਕੌਰ ਜੀ

882 ਕਿੰਨਾ ਮਾਲਵਾ ਇਹੇ ਹੈ ਦੇਸ਼ ਸੁਹਣਾ, ਕਿੰਨਾ ਸੰਗਤਾਂ ਕਰਨ ਪਿਆਰ ਦਾਤਾ।
ਦਿਨ ਸੁੱਖਾਂ ਦੇ ਮਸੀਂ ਨਸੀਬ ਹੋਏ, ਰੱਜ ਕੀਤਾ ਨਾ ਅਸਾਂ ਦੀਦਾਰ ਦਾਤਾ।
ਚਲੇ ਜਾਣਾ ਅਸਾਂ ਨਾ ਰੋਕਣਾ ਏ, ਕਰੋ ਸਾਡੇ ਤੇ ਹੋਰ ਉਪਕਾਰ ਦਾਤਾ।
ਇੱਥੇ ਬੈਠ ਕੇ ਕਰੋ ਤਿਆਰ ਫ਼ੌਜਾਂ, ਪਾਉ ਮੁਗਲਾਂ ਤਾਈਂ ਲਲਕਾਰ ਦਾਤਾ॥

883 ਹੋਰ ਸਿੰਘ ਵੀ ਜਾਣਗੇ ਨਾਲ ਥੋੜੇ, ਉਨ੍ਹਾਂ ਵਾਂਙ ਅਸੀਂ ਵੀ ਜਾਵਣਾ ਏ।
ਸਾਨੂੰ ਦਿੱਲੀ ਦੱਖਣ ਦਾ ਫਰਕ ਨਾਹੀ, ਪੰਧ ਆਪਦੇ ਨਾਲ ਮੁਕਾਵਣਾ ਏ।
ਮਾਈ ਭਾਗੋ ਦੇ ਵਾਂਙ ਹੀ ਅਸੀਂ ਦਾਤਾ, ਨਾਲ ਵੈਰੀਆਂ ਯੁੱਧ ਮਚਾਵਣਾ ਏ।
ਆਪਣੇ ਪੁੱਤਰਾਂ ਵਾਂਙ ਹੈ ਦੇਸ਼ ਉਤੋਂ, ਜੀਵਨ ਅਸਾਂ ਵੀ ਘੋਲ ਘੁਮਾਵਣਾ ਏ॥

884 ਅਸੀਂ ਕਿਸੇ ਵੀ ਗੱਲੋਂ ਘੱਟ ਨਾ ਹੀ, ਸਾਨੂੰ ਦਿਉ ਤੀਰ-ਕਮਾਨ ਦਾਤਾ।
ਆਪ ਵਾਂਙ ਸਾਨੂੰ ਭੀ ਭੈ ਨਾਹੀ, ਭਾਵੇਂ ਕਿੰਨੀਆਂ ਔਕੜਾਂ ਆਣ ਦਾਤਾ।
ਅਸੀਂ ਦਿੱਲੀ ਬੈਠ ਕੇ ਕੀ ਕਰਨਾ, ਸੇਵਾ ਆਪਦੀ ਸਾਡਾ ਈਮਾਨ ਦਾਤਾ।
ਮਾਤਾ-ਪਿਤਾ ਪੁੱਤਰਾਂ ਵਾਂਙ ਅਸੀਂ, ਸੁਹਣੇ ਪੰਥ ਦੀ ਬਣੀਏ ਸ਼ਾਨ ਦਾਤਾ॥

### ਗੁਰੂ ਜੀ

885 ਕਹਿੰਦੇ ਗੁਰੂ ਜੀ ਚੰਗਾ ਨਹੀਂ ਹੱਠ ਕਰਨਾ, ਅਜੇ ਅਸਾਂ ਨਾ ਨਾਲ ਲਜਾਵਣਾ ਏ।
ਅਸੀਂ ਦੱਖਣ ਦੇ ਵਿੱਚ ਪ੍ਰਚਾਰ ਕਰਨਾ, ਰਾਜਪੂਤ-ਮਰਹੱਟਿਆਂ ਤਾਈਂ ਜਗਾਵਣਾ ਏ।
ਭਾਈ ਮਨੀ ਸਿੰਘ ਦੇ ਨਾਲ ਰਲ ਕੇ, ਉਤਾਰਾ ਬੀੜਾਂ ਦਾ ਤੁਸੀਂ ਕਰਾਵਣਾ ਏ।
ਹਰਚੰਦ ਸਿੰਘਾ ਸਮੇਂ ਦੇ ਜ਼ਾਲਮਾਂ ਨੂੰ, ਘੇਰਾ ਹਰ ਪਾਸਿਓਂ ਪਾਵਣਾ ਏ॥

### ਮਾਤਾ ਸੁੰਦਰੀ ਜੀ

886 ਜਿਵੇਂ ਹੁਕਮ ਆਪਦਾ ਸਿਰ ਮੱਥੇ, ਕਿਹਾ ਆਪਦਾ ਅਸਾਂ ਨੇ ਮੋੜਨਾ ਨਹੀਂ।
ਕੰਮ ਆਪਣੇ ਆਪ ਹੀ ਜਾਣਦੇ ਹੋ, ਦੇਸ਼-ਸੇਵਾ ਤੋਂ ਅਸਾਂ ਨੇ ਹੋੜਨਾ ਨਹੀਂ।
ਸਾਨੂੰ ਆਸਰਾ ਸੱਚੇ ਅਕਾਲ ਦਾ ਏ, ਹਿੱਤ ਆਪਣਾ ਅਸਾਂ ਨੇ ਲੋੜਨਾ ਨਹੀਂ।
ਅਕਾਲ ਪੁਰਖ ਸਹਾਈ ਆਪ ਦਾ ਹੈ, ਗੁਨਾਹਗਾਰਾਂ ਨੂੰ ਜਿਉਂਦੇ ਛੋੜਨਾ ਨਹੀਂ॥

### ਗੁਰੂ ਜੀ ਨੇ ਸਿਰਸੇ ਆਉਣਾ

887 ਮਨੀ ਸਿੰਘ ਨੇ ਮਾਤਾਵਾਂ ਨੂੰ ਨਾਲ ਲੈ ਕੇ, ਦਿੱਲੀ ਵੱਲ ਨੂੰ ਚਾਲੇ ਪਾ ਦਿੱਤੇ।
ਸਤਿਗੁਰਾਂ ਨੇ ਕਈ ਪੜਾਅ ਕਰਕੇ, ਆ ਸਿਰਸੇ ਡੇਰੇ ਲਾ ਦਿੱਤੇ।
ਜੋ ਸਿੱਖ ਤੇ ਖੱਤਰੀ ਵਸਣ ਉਥੇ, ਉਨ੍ਹਾਂ ਆਣ ਕੇ ਨੈਣ ਵਿਛਾ ਦਿੱਤੇ।
ਇੱਕ ਬੀਬੀ ਨੇ ਰੋ ਹਰਚੰਦ ਸਿੰਘਾ, ਦੁੱਖ ਦਸਮੇਸ਼ ਨੂੰ ਆਣ ਸੁਣਾ ਦਿੱਤੇ॥

### ਗੁਰੂ ਜੀ

888 ਸਤਿਗੁਰ ਪੁੱਛਦੇ ਬੀਬੀ ਗੱਲ ਕੀ ਏ, ਕਿਹੜੀ ਗੱਲੋਂ ਨੀਰ ਬਹਾਵਣੀ ਏ।
ਕਿਸ ਦੁੱਖ ਨੇ ਤੇਰੀ ਜਿੰਦ ਪੀੜੀ, ਬੈਠੀ ਕਦੋਂ ਦੀ ਰੋਈ ਜਾਵਨੀ ਏ।
ਦੱਸ ਖੋਲ੍ਹ ਕਹਾਣੀ ਦੁਖੜੇ ਦੀ, ਗੱਲ ਕਰਨ ਤੋਂ ਕਿਉਂ ਘਬਰਾਂਵਣੀ ਏ।
ਅਕਾਲ ਪੁਰਖ ਹੋਊ ਸਹਾਈ ਤੇਰਾ, ਹੋਣੀ ਉਹੀ ਜੋ ਉਸਨੂੰ ਭਾਵਣੀ ਏ॥

### ਬੀਬੀ ਦੀ ਫ਼ਰਿਆਦ

889 ਬੀਬੀ ਆਖਦੀ ਗੁਰੂ ਜੀ ਪਤੀ ਮੇਰਾ, ਫੜ ਜ਼ਾਲਮਾਂ ਭੋਰੇ ਵਿਚ ਪਾਇਆ ਏ।
ਵਿੱਚ ਬੰਦੀ ਦੇ ਆਪ ਨੂੰ ਯਾਦ ਕਰਦਾ, ਜ਼ੁਲਮ ਜ਼ਾਲਮਾਂ ਉਸ ਤੇ ਢਾਇਆ ਏ।
ਹਾਕਮ 'ਖੁਡਾਲੇ' ਦਾ ਨਬੀ ਬਖਸ਼ ਜਿਸਨੇ, ਹਿੰਦੂ-ਸਿੱਖਾਂ ਨੂੰ ਬੜਾ ਸਤਾਇਆ ਏ।
ਸੱਚੇ ਪਾਤਿਸ਼ਾਹ ਕਰੇ ਉਹ ਮਨ ਆਈਆਂ, ਰਾਜ ਜੰਗਲੀ ਉਸ ਬਣਾਇਆ ਏ॥

890 ਮੇਰਾ ਪਤੀ ਗੁਲਾਬ ਸਿੰਘ ਸੱਚਾ, ਸੋਨੇ-ਚਾਂਦੀ ਦੇ ਗਹਿਣੇ ਬਨਾਵੰਦਾ ਏ।
ਖਰੀ ਰੂਹ ਤੇ ਖਰਾ ਵਣਜ ਕਰੇ, ਮਿਲਾਵਟ ਮੂਲ ਨਾ ਉਹ ਰਲਾਵੰਦਾ ਏ।
ਬੜਾ ਨਾਮ ਹੈ ਉਸਦਾ ਹਰ ਪਾਸੇ, ਬਾਣੀ ਪੜ੍ਹਦਾ ਕਿਰਤ ਕਮਾਵੰਦਾ ਏ।
ਮਿਹਰਾਂ ਵਾਲਿਆ ਧੀ ਦੇ ਧਰਮ ਬਦਲੇ, ਕੈਦੀ ਬਣ ਕੇ ਦੁੱਖ ਉਠਾਵੰਦਾ ਏ॥

891 ਧੀ ਸਾਡੇ ਘਰ ਜਵਾਨ ਹੋਈ, ਰੂਪਵੰਤੀ ਸੁਗੜ ਸੁਜਾਨ ਦਾਤਾ।
ਕਿਸੇ ਜਾ ਕੇ ਨਬੀ ਦੇ ਕੰਨ ਭਰੇ, ਲੱਗੇ ਉਸਦੇ ਆਦਮੀ ਆਣ ਦਾਤਾ।
ਡੋਲਾ ਕੁੜੀ ਦਾ ਮੇਰੇ ਤੋਰ ਦੇਵੇਂ, ਕਹਿੰਦਾ ਚਾਹੀਦੀ ਜੇਕਰ ਜਾਨ ਦਾਤਾ।
ਪਤੀ ਮੇਰਾ ਭੋਰੇ ਵਿਚ ਬੰਦ ਕੀਤਾ, ਕੁੜੀ ਲੈ ਕੇ ਆਇਓ ਛੁਡਾਣ ਦਾਤਾ॥

892 ਪਤੀ ਆਖਦਾ ਜਾਨ ਮੈਂ ਦੇ ਦੇਣੀ, ਪਰ ਧੀ ਦਾ ਧਰਮ ਬਚਾਵਣਾ ਏ।
ਉਸ ਬਿਨਾਂ ਦੁਕਾਨ ਹੈ ਬੰਦ ਪਈ, ਜਿੱਥੋਂ ਅਸਾਂ ਨੇ ਰਿਜ਼ਕ ਕਮਾਵਣਾ ਏ।
ਅਸਾਂ ਕੁੜੀ ਕਿਤੇ ਲੁਕੋ ਦਿੱਤੀ, ਪਰ ਕਿੰਨਾ ਚਿਰ ਲੁਕਾਵਣਾ ਏ।
ਹਰਚੰਦ ਸਿੰਘਾ ਭਾਲਦੇ ਫਿਰਨ ਪਾਪੀ, ਜਦ ਦਿਸੀ ਤੇ ਚੁੱਕ ਲਜਾਵਣਾ ਏ॥

893 ਅੱਗ ਲੱਗੇ ਐਸੀ ਹਾਕਮੀ ਨੂੰ, ਜਿੱਥੇ ਹਾਕਮ ਹੀ ਡਾਕੇ ਮਾਰਦੇ ਨੇ।
ਚੜ੍ਹੇ ਦਿਨ ਵਧੀਕੀਆਂ ਕਰਨ ਇਹੇ, ਖੁੱਲ੍ਹੇ ਛੱਡੇ ਸ਼ੇਰ ਸਰਕਾਰ ਦੇ ਨੇ।
ਕੋਈ ਥਾਂ ਨਾ ਜਿੱਥੇ ਫ਼ਰਿਆਦ ਕਰੀਏ, ਹੀਣੇ ਲੋਕੀ ਦੁੱਖ ਸਹਾਰ ਦੇ ਨੇ।
ਹਰਚੰਦ ਸਿੰਘਾ ਦਾਤਾਰ ਦੇ ਕੋਲ ਆ ਕੇ, ਫ਼ਰਿਆਦੀ ਆਣ ਕੇ ਭੁੱਬਾਂ ਮਾਰਦੇ ਨੇ॥

### ਗੁਰੂ ਜੀ

894 ਕਹਿੰਦੇ ਗੁਰੂ ਜੀ ਬੀਬਾ ਨਾ ਕੇਰ ਹੰਝੂ, ਅਸੀਂ ਹੁਣੇ ਖੁਡਾਲੇ ਜਾਵੰਦੇ ਹਾਂ।
ਉਸ ਪਾਪੀ ਦੀ ਕੈਦ 'ਚੋਂ ਪਤੀ ਤੇਰਾ, ਅਸੀਂ ਹੁਣੇ ਜਾ ਲਿਆਵੰਦੇ ਹਾਂ।
ਅੱਗੇ ਵਾਸਤੇ ਕਰੂ ਨਾ ਅੱਖ ਮੈਲੀ, ਸਬਕ ਇਹੋ ਜਿਹਾ ਸਿਖਾਵੰਦੇ ਹਾਂ।
ਸਾਨੂੰ ਪਤਾ ਟਿਕਾਣਾ ਜੋ ਦੱਸੇ, ਉਸੇ ਸਖਸ਼ ਨੂੰ ਨਾਲ ਲਿਜਾਵੰਦੇ ਹਾਂ॥

895 ਸਤਿਗੁਰੂ ਕੁੱਝ ਸਿੰਘਾਂ ਨੂੰ ਨਾਲ ਲੈ ਕੇ, ਝੱਟ ਤੁਰੇ ਖਡਾਲੇ ਵੱਲ ਭਾਈ।
ਨਾਲ ਗੁਲਾਬੇ ਦਾ ਭਾਈ ਲਿਆ, ਦਿੱਤੇ ਹਨੇਰੇ 'ਚ ਘੋੜੇ ਠੱਲ੍ਹ ਭਾਈ।
ਨਬੀ ਬਖਸ਼ ਨਚਾਏ ਨਾਚੀਆਂ ਨੂੰ, ਦੌਰ ਪੀਣ ਦੇ ਰਹੇ ਸੀ ਚੱਲ ਭਾਈ।
ਹਰਚੰਦ ਸਿੰਘਾ ਤੋੜ ਕੇ ਸਭ ਨਾਕੇ, ਜਾ ਫੜਿਆ ਨਬੀ ਦਾ ਗਲ ਭਾਈ॥

896 ਕਹਿੰਦੇ ਗੁਰੂ ਜੀ ਦੱਸ ਗੁਲਾਬ ਕਿੱਥੇ, ਅਸੀਂ ਉਸਨੂੰ ਆਏ ਹਾਂ ਲੈਣ ਮੀਆਂ।
ਹਾਕਮ ਹੋ ਕੇ ਲੋਕਾਂ ਤੇ ਜ਼ੁਲਮ ਕਰੇਂ, ਤਕਾਏਂ ਹੋਰਾਂ ਦੀ ਧੀ ਤੇ ਭੈਣ ਮੀਆਂ।
ਸਜਾ ਦਿਆਂਗੇ ਤੇਰੇ ਜ਼ੁਲਮਾਂ ਦੀ, ਤੇਰੇ ਮਹਿਲੀਂ ਪੈਣਗੇ ਵੈਣ ਮੀਆਂ।
ਤੈ ਕੱਲ੍ਹ ਸੁਪੁਰਦੇ-ਖਾਕ ਹੋਣਾ, ਅੱਜ ਤੇਰੀ ਆਖਰੀ ਰੈਣ ਮੀਆਂ॥

### ਨਬੀ ਬਖਸ਼ ਦਾ ਤਰਲਾ

897 ਹੱਥ ਜੋੜਕੇ ਕਹਿੰਦਾ ਜੀ ਧੌਣ ਛੱਡੋ, ਮੈਂ ਗੁਲਾਬੇ ਨੂੰ ਹੁਣੇ ਮੰਗਾਵੰਦਾ ਹਾਂ।
ਅੱਗੇ ਵਾਸਤੇ ਮੇਰੀ ਸੌ ਤੋਬਾ, ਹੱਥ ਦੋਏ ਕੰਨਾਂ ਨੂੰ ਲਾਵੰਦਾ ਹਾਂ।
ਤਲਵਾਰਾਂ ਵਿਚ ਮਿਆਨਾਂ ਦੇ ਪਾ ਲਉ, ਮੈਂ ਗੁਲਾਬੇ ਤੋ ਭੁੱਲ ਬਖਸ਼ਾਵੰਦਾ ਹਾਂ।
ਬਾਧ-ਘਾਟ ਗੁਲਾਬੇ ਨੂੰ ਜੋ ਹੋਈ, ਹਰਜ਼ ਉਸਦਾ ਹੁਣੇ ਚੁਕਾਵੰਦਾ ਹਾਂ॥

### ਨਬੀ ਬਖਸ਼ ਦੀ ਬੇਗਮ ਦਾ ਤਰਲਾ

898 ਬੇਗਮ ਨਬੀ ਦੀ ਗੁਰਾਂ ਦੇ ਚਰਨ ਫੜ ਕੇ, ਆਪਣੇ ਪਤੀ ਦੀ ਜਾਨ ਬਚਾਉਣ ਲੱਗੀ।
ਅੱਲਾ ਵਾਸਤੇ ਇਸਦੀ ਭੁੱਲ ਬਖਸ਼ੋ, ਪੱਲਾ ਅੱਡ ਕੇ ਵਾਸਤੇ ਪਾਉਣ ਲੱਗੀ।
ਅੱਗੇ ਵਾਸਤੇ ਕਰੂ ਨਾ ਭੁੱਲ ਇਹੇ, ਮੁਹੰਮਦ ਰਸੂਲ ਨੂੰ ਉਹੋ ਧਿਆਉਣ ਲੱਗੀ।
ਗੁਰੂ-ਪੀਰ ਫਰਿਆਦਾਂ ਮੋੜਦੇ ਨਾ, ਗੁਣ ਗੁਰਾਂ ਦੇ ਬੇਗਮ ਗਾਉਣ ਲੱਗੀ॥

### ਭਾਈ ਗੁਲਾਬ ਸਿੰਘ ਦਾ ਆਉਣਾ

899 ਭੁੱਖਾ-ਪਿਆਸਾ ਅਤੇ ਬਸਾਰ ਚਿਹਰਾ, ਗੁਲਾਬਾ ਪਾਸ ਗੁਰਾਂ ਦੇ ਆਇਆ ਏ।
ਦਰਸ਼ਨ ਕਰਕੇ ਨੈਨ ਨਿਹਾਲ ਹੋਏ। ਗੁਰਾਂ ਘੁੱਟ ਕੇ ਛਾਪੀ ਨਾਲ ਲਾਇਆ ਏ।
ਮੇਰੇ ਪਾਤਿਸ਼ਾਹ ਸਿੱਖ ਦੀ ਸੁਣ ਲਈ, ਬੰਦੀ-ਖਾਨਿਉਂ ਆਣ ਛੁਡਾਇਆ ਏ।
ਮੇਰੀ ਬੱਚੀ ਦੁਆਵਾਂ ਦੇਉ ਦਾਤਾ, ਜਿਨੂੰ ਸ਼ੇਰ ਦੇ ਮੂੰਹੋ ਬਚਾਇਆ ਏ॥

(ਬਾਕੀ ਅਗਲ ਅੰਕ ਵਿਚ)

49 YEARS OF EXCELLENCE
1973 THE LINK GROUP 2021
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


ਸਪੈਸ਼ਲ ਸੇਲ !
www.dream-carpets.com
dream
carpets
Shaw FLOORS
Ansonylon
STAINMASTER CARPET
ClearTouch
from $1.98 SF
Berber
Installed
Textured Saxony
Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From .78 cent
Berber
Starts From .78 cent
Area Rug (5x8)
Starts From $68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663

## MATRIMONIALS

### ਲੜਕੀ ਦੀ ਲੋੜ

ਕੈਨੇਡੀਅਨ ਜੰਮਪਲ ਰਾਮਗੜ੍ਹੀਆ ਲੜਕਾ, ਉਮਰ 29 ਸਾਲ, ਕੱਦ 5'8", ਨਸ਼ਿਆਂ ਤੋਂ ਰਹਿਤ, ਸ਼ਭੂ ਤੋਂ ਇਲੈਕਟ੍ਰੋਨਿਕ ਇੰਜਨੀਅਰ ਦੀ ਡਿਗਰੀ ਪਾਪਤ, ਅਮਰੀਕਾ ਵਿਚ ਇੰਟਰਨੈਸ਼ਨਲ ਕੰਪਨੀ ਵਿਚ ਆਪਣੇ ਫੀਲਡ ਵਿਚ ਕੰਮ ਕਰ ਰਹੇ ਲੜਕੇ ਲਈ ਸੋਹਣੀ-ਸੁਨੱਖੀ, ਬਰਾਬਰ ਯੋਗਤਾ ਵਾਲੀ ਲੜਕੀ ਦੀ ਲੋੜ ਹੈ। ਸੰਪਰਕ: 778-564-1556

feb12

ਕੈਨੇਡੀਅਨ ਪੀ.ਆਰ. ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'10" ਵਾਸਤੇ ਪੰਜਾਬ ਤੋਂ ਜੱਟ ਸਿੱਖ ਲੜਕੀ ਦੀ ਲੋੜ ਹੈ। ਸਿਰਫ ਉਹ ਹੀ ਸੰਪਰਕ ਕਰਨ ਜੋ ਇਸ ਲੜਕੇ ਦੇ ਇੰਡੀਆ ਰਹਿ ਰਹੇ ਭਰਾ, ਉਮਰ ੩੪ ਸਾਲ, ਵਾਸਤੇ ਕੈਨੇਡੀਅਨ ਲੜਕੀ ਦਾ ਰਿਸ਼ਤਾ ਕਰਵਾ ਸਕਦੇ ਹੋਣ। ਸੰਪਰਕ: ਕੈਨੇਡਾ ਮੋਬਾ. 604-782-9070, ਇੰਡੀਆ ਮੋਬਾ. 98788-39304

feb26

ਕੈਨੇਡੀਅਨ ਜੱਟ ਸਿੱਖ ਲੜਕਾ, ਉਮਰ 30 ਸਾਲ, ਕੱਦ 5'8" ਵਾਸਤੇ ਕੈਨੇਡਾ ਵਿਚ ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਸੰਪਰਕ-778-551-1800

feb12

### ਲੜਕੇ ਦੀ ਲੋੜ

ਜੱਟ ਸਿੱਖ ਬਰਾੜ ਕੈਨੇਡੀਅਨ ਪੀ ਆਰ , ਉਮਰ 29 ਸਾਲ, ਕੱਦ 5 ਫੁੱਟ 6 ਇੰਚ, ਆਈ ਸੀ ਬੀ ਸੀ ਚ ਜੌਬ ਕਰਦੀ ਲੜਕੀ ਵਾਸਤੇ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ-ਫੋਨ ਨੰਬਰ 91-77105-45804 (ਵੈਟਸਐਪ)

## MATRIMONIALS

## EMPLOYMENTS

### ਹਾਊਸ ਕੀਪਰ ਦੀ ਲੋੜ

ਵੈਸਟ ਵੈਨਕੂਵਰ ਦੇ ਇਕ ਪੰਜਾਬੀ ਪਰਿਵਾਰ ਨੂੰ ਘਰ ਦੇ ਕੰਮਕਾਜ, ਕਲੀਨਿੰਗ ਆਦਿ ਲਈ ਇਕ ਫੁੱਲ ਟਾਈਮ ਹਾਊਸ ਕੀਪਰ ਦੀ ਲੋੜ ਹੈ। ਵਧੀਆ ਤਨਖਾਹ ਅਤੇ ਰਿਹਾਇਸ਼ ਲਈ ਪ੍ਰਾਈਵੇਟ ਸੁਈਟ ਵੀ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604.926.2149

feb05

NU Style Kitchen Cabinet ਕੰਪਨੀ ਨੂੰ ਆਫਿਸ ਅਤੇ ਵੇਅਰਹਾਊਸ ਵਿੱਚ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ। ਤਨਖਾਹ ਤਜਰਬੇ ਅਨੁਸਾਰ ਦਿੱਤੀ ਜਾਵੇਗੀ। ਕੰਮ ਕਰਨ ਲਈ ਅਤੇ ਹੋਰ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-761-0775 ਜਾਂ 604-825-7322 ਤੇ ਸੰਪਰਕ ਕਰੋ।

jan22

ਸਰੀ ਵਿੱਚ ਨਾਮਵਰ ਰੂਫਿੰਗ ਕੰਪਨੀ ਨੂੰ ਕਾਮੇਆਂ ਦੀ ਲੋੜ ਹੈ। ਤਨਖਾਹ ਤਜਰਬੇ ਅਨੁਸਾਰ ਦਿੱਤੀ ਜਾਵੇਗੀ। ਕੰਮ ਕਰਨ ਲਈ ਅਤੇ ਹੋਰ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-961-2035 ਤੇ ਸੰਪਰਕ ਕਰੋ।

jan22

## ਕਿਰਾਏ ਲਈ ਖਾਲੀ

ਸਰੀ ਵਿੱਚ 2 ਬੈਡਰੂਮ ਬੇਸਮੈਂਟ 1 ਫਰਵਰੀ ਤੋਂ ਕਿਰਾਏ ਲਈ ਉਪਲਬਧ ਹੈ ।ਸ਼ਾਕਾਹਾਰੀ ਹੋਣਾ ਚਾਹੀਦਾ ਹੈ ਅਤੇ ਸਿਗਰਟਨੋਸ਼ੀ ਮਨ੍ਹਾਂ ਹੈ।ਇੰਟਰਨੈੱਟ ਅਤੇ ਨਿੱਜੀ ਲਾਂਡਰੀ ਹੈ।ਕੋਈ ਪਾਲਤੂ ਜਾਨਵਰ ਨਹੀਂ।ਹੋਰ ਜਾਣਕਾਰੀ ਲਈ ਸੰਪਰਕ ਕਰੋ: 604-961-4251

ਪੰਜਾਬੀ ਮਾਰਕੀਟ ਵੈਨਕੂਵਰ ਦੇ ਐਨ ਵਿਚਕਾਰ 2 ਬੈਂਡਰੂਮ ਹਾਊਸ ਕਿਰਾਏ ਲਈ ਖਾਲੀ ਹੈ। ਲਗਾਂਰਾ ਕਾਲਜ ਅਤੇ ਕੈਨੇਡਾ ਲਾਈਨ ਸਕਾਈਟਰੇਨ ਦੇ ਨਜ਼ਦੀਕ। ਡਾਊਨਟਾਊਨ ਲਈ ਸਿੱਧੀ ਬੱਸ। ਪਾਲਤੂ ਜਾਨਵਰ ਅਤੇ ਸਮੋਕਿੰਗ ਦੀ ਮਨਾਹੀ।ਸੰਪਰਕ : 604-377-4085

27 feb

## EMPLOYMENTS

### ਵਰਕਰਾਂ ਦੀ ਲੋੜ

ਐਬਟਸਫੋਰਡ ਦੀ ਮੰਨੀ ਪ੍ਰਮੰਨੀ ਕੰਪਨੀ ਜੇ. ਕੇ. ਜੇ. ਕੰਟਰੈਕਟਿੰਗ ਲਿਮਟਿਡ ਵਾਲਿਆਂ ਨੂੰ ਨਰਸਰੀ, ਕਰੇਨਬੇਰੀ ਲਈ ਫਾਰਮ ਵਰਕਰਾਂ ਦੀ ਤੁਰੰਤ ਲੋੜ ਹੈ। ਕੰਮ ਪਲਾਂਟਿੰਗ, ਪੋਟਿੰਗ, ਬੇਰੀ ਤੋੜਨ ਅਤੇ ਕਰੇਨਬੇਰੀ ਦਾ ਹੋਵੇਗਾ ਅਤੇ ਸਾਰਾ ਸਾਲ ਚੱਲੇਗਾ। ਕੰਮ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ। ਮਿਸ਼ਨ, ਐਬਟਸਫੋਰਡ ਅਤੇ ਐਲਡਰਗਰੋਵ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੋਵੇਗਾ। ਸਾਨੂੰ ਡਰਾਈਵਰ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ-ਚਰਨਜੀਤ ਕੌਰ 604-309-8705

### ਵਰਕਰਾਂ ਦੀ ਲੋੜ

ਫਾਸਟ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਅੱਜ ਹੀ ਸੰਪਰਕ ਕਰੋ:
ਸਾਹਿਬ ਸਿੰਘ : 778-863-9000

BOOK YOUR CLASSIFIED IN
ਪੰਜਾਬ ਲਿੰਕ
PUNJABI WEEKLY NEWSPAPER
BUY 4 ADS GET 1 AD FREE
ads@thelinkpaper.ca

# ਕਦੋਂ ਰੁਕੇਗੀ ਦਿੱਲੀ 'ਚ ਦਰਿੰਦਗੀ...

**ਹਰਕੀਰਤ ਕੌਰ, 9779118066**

ਦਿੱਲੀ ਭਾਰਤ ਦਾ ਦਿਲ, ਭਾਰਤ ਦੀ ਰਾਜਧਾਨੀ। ਇੱਕ ਅਜਿਹਾ ਸ਼ਹਿਰ ਜਿੱਥੇ ਭਾਰਤ ਦੇ ਕਾਨੂੰਨਾ ਦੇ ਸਭ ਤੋਂ ਵੱਡੇ ਅਦਾਰੇ ਹਨ। ਅਜਿਹੀ ਜਗ੍ਹਾ ਜਿੱਥੇ ਭਾਰਤ ਦੀ ਹਕੂਮਤ ਰਹਿੰਦੀ ਹੈ। ਇੱਕ ਅਜਿਹਾ ਸਥਾਨ ਜਿੱਥੇ ਦੇਸ਼ ਦੇ ਵੱਡੇ ਫ਼ੈਸਲੇ ਲਏ ਜਾਂਦੇ ਹਨ। ਦਿਨ ਰਾਤ ਚਹਿਲ ਪਹਿਲ ਤੇ ਤਮਾਮ ਲੋਕਾਂ ਨਾਲ ਖਚਾਖਚ ਭਰਿਆ ਇਹ ਸ਼ਹਿਰ ਜਿੰਨਾ ਵੱਡਾ ਮਾਣ ਆਪਣੇ ਕੋਲ ਰੱਖੀ ਬੈਠਾ ਹੈ, ਸਮਾਂ ਗਵਾਹ ਹੈ ਕਿ ਉਨੇ ਜਿਆਦਾ ਘਿਨੋਣੇ ਕੰਮ



ਇਸ ਧਰਤੀ ਤੇ ਹੁੰਦੇ ਰਹੇ। ਸਿੱਖਾਂ ਦੇ ਨੌਂਵੇਂ ਗੁਰੂ ਸਾਹਿਬ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੀ ਸ਼ਹਾਦਤ ਹੋਵੇ, ਚਾਹੇ ਚੁਰਾਸੀ ਦਾ ਖੂਨ ਖਰਾਬਾ , ਚਾਹੇ ਔਰਤਾਂ ਦੀਆਂ ਇੱਜ਼ਤਾਂ ਲੀਰੋ ਲੀਰ ਹੋਣੀਆਂ ਹੋਣ, ਮੌਤ, ਅਪਮਾਨ, ਸ਼ਰੀਰਕ, ਮਾਨਸਿਕ ਹਰ ਤਰ੍ਹਾਂ ਦਾ ਜ਼ੁਲਮ ਇਸ ਧਰਤੀ ਤੇ ਹੋਇਆ ਹੈ।

ਇੱਕ ਅਜਿਹਾ ਸ਼ਹਿਰ ਜਿੱਥੇ ਲੋਕ ਆਪਣੀਆਂ ਬੇਟੀਆਂ ਨੂੰ ਰਾਤ ਬਾਹਰ ਇੱਕਲਿਆਂ ਜਾਣ ਤੋਂ ਰੋਕਦੇ ਹਨ। ਇੱਕ ਅਜਿਹਾ ਸ਼ਹਿਰ ਜਿੱਥੇ ਔਰਤ ਬਿਲਕੁਲ ਵੀ ਮਹਿਫ਼ੂਜ਼ ਨਹੀਂ । ਇਹ ਸਾਡੇ ਦੇਸ਼ ਦੀ ਜ਼ਮੀਨੀ ਹਕੀਕਤ ਹੈ, ਅਸੀਂ ਕਿੰਨਾ ਵੀ ਕਹਿ ਲਈਏ ਕਿ ਭਾਰਤ ਨੇ ਬਹੁਤ ਤਰੱਕੀ ਕਰ ਲਈ ਪਰ ਸਭ ਫੋਕਾ ਦਿਖਾਵਾ। ਅੱਜ ਵੀ ਅਸੀਂ ਗੁਲਾਮ ਹਾਂ, ਸੌੜੀ ਸੋਚ ਦੇ ਕੁਚੱਜੀ ਵਿਚਾਰਧਾਰਾ ਦੇ।ਨਿਰਭਿਆ ਵਰਗੀਆਂ ਪਤਾ ਨਹੀਂ ਕਿੰਨੀਆਂ ਕੁ ਲੜਕੀਆਂ ਅੱਜ ਤੱਕ ਬਲਾਤਕਾਰ ਦਾ ਸ਼ਿਕਾਰ ਹੋ ਚੁੱਕੀਆਂ ਹਨ। ਹਵਸ਼ ਦੇ ਭੁੱਖੇ ਲਾਲਚੀ ਭੇੜੀਏ ਕਿਸੇ ਵੀ ਰਾਹ ਜਾਂਦੀ ਧੀ ਦੀ ਜ਼ਿੰਦਗੀ ਨਾਲ ਖਿਲਵਾੜ ਕਰ ਜਾਂਦੇ ਹਨ ਤੇ ਤੇ ਸਾਡਾ ਕਾਨੂੰਨ ਸਿਰਫ਼ ਮੂੰਹ ਚੁੱਕੀ ਵੇਖਦਾ ਰਹਿੰਦਾ ਹੈ। ਪਤਾ ਨਹੀਂ ਕਿੰਨੇ ਕੁ ਮਾਂ ਬਾਪ ਆਪਣੀਆ ਜਾਨੋ ਪਿਆਰੀਆਂ ਧੀਆਂ ਨੂੰ ਗਵਾ ਚੁੱਕੇ ਹਨ। ਇਸੇ ਤਰ੍ਹਾਂ ਇੱਕ ਤਾਜ਼ਾ ਮਸਲਾ 26 ਜਨਵਰੀ ਦੇ ਦਿਨ ਸਾਹਮਣੇ ਆਇਆ।ਜਿੱਥੇ ਪੂਰਾ ਦੇਸ਼ ਗਣਤੰਤਰ ਦਿਵਸ ਮਨ੍ਹਾ ਰਿਹਾ ਸੀ, ਉੱਥੇ ਦਿੱਲੀ ਦੀਆਂ ਗਲੀਆਂ 'ਚ ਇਕ ਕੁੜੀ ਦੀ ਇੱਜ਼ਤ ਤਾਰ-ਤਾਰ ਹੋ ਰਹੀ ਸੀ। ਮੈਨੂੰ ਲੱਗਦਾ ਕਿ ਇਸ ਤੋਂ ਵੱਡੀ ਤ੍ਰਾਸਦੀ ਸਾਡੇ ਦੇਸ਼ ਦੇ ਕਾਨੂੰਨ ਲਈ ਹੋਰ ਕੋਈ ਨਹੀਂ ਹੋ ਸਕਦੀ ਕਿ ਜਿਸ ਦਿਨ ਅਸੀਂ ਇਹਨਾਂ ਕਾਨੂੰਨਾ ਦੇ ਹੋਂਦ ਵਿੱਚ ਆਉਣ ਦਾ ਜਸ਼ਨ ਮਨਾ ਰਹੇ ਸੀ,ਉਸੇ ਦਿਨ ਉਸੇ ਸ਼ਹਿਰ ਵਿੱਚ ਉਹਨਾਂ ਕਾਨੂੰਨਾਂ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਸੀ।ਦਿੱਲੀ 'ਚ 20 ਸਾਲਾ ਇਕ ਕੁੜੀ ਨੂੰ ਅਗਵਾ ਕਰ ਕੇ ਪਹਿਲਾਂ ਸਮੂਹਕ ਜ਼ਬਰ ਜ਼ਿਨਾਹ ਕੀਤਾ ਗਿਆ ਅਤੇ ਫਿਰ ਉਸ ਨਾਲ ਬਦਸਲੂਕੀ ਅਤੇ ਵਾਲ ਕੱਟ ਕੇ ਸੜਕਾਂ 'ਤੇ ਘੁਮਾਇਆ ਗਿਆ। ਇਸ ਦਾ ਇਕ ਸ਼ਰਮਨਾਕ ਵੀਡੀ? ਵੀ ਸਾਹਮਣੇ ਆਇਆ ਹੈ, ਜਿਸ 'ਚ ਕੁਝ ਔਰਤਾਂ ਵੀ ਦਿਖਾਈ ਦੇ ਰਹੀਆਂ ਹਨ।

ਇਸ ਮਸਲੇ ਵਿੱਚ ਇੱਕ ਔਰਤ ਉੱਪਰ ਇੱਕ ਨਹੀਂ ਬਲਕਿ ਪਤਾ ਨਹੀਂ ਕਿੰਨੇ ਕੁ ਜ਼ੁਲਮ ਢਾਹੇ ਗਏ। ਸਮੂਹਿਕ ਜ਼ਬਰ ਜ਼ਨਾਹ ਕੀਤਾ ਗਿਆ, ਮਾਰ ਕੁਟਾਈ ਕੀਤੀ ਗਈ, ਇੱਥੇ ਹੀ ਬਸ ਨਹੀਂ ਉਸਦੀ ਮਰਜ਼ੀ ਤੋਂ ਬਿਨਾਂ ਉਸ ਦੇ ਕੇਸ ਕਤਲ ਕੀਤੇ ਗਏ, ਕਈ ਅਜਿਹੀਆਂ ਹਰਕਤਾਂ ਕੀਤੀਆਂ ਗਈਆਂ ਜਿੰਨਾ ਸਾਹਮਣੇ ਇਨਸਾਨੀਅਤ ਸ਼ਰਮਸ਼ਾਰ ਹੋ ਜਾਂਦੀ, ਕਿਸ ਤਰ੍ਹਾਂ ਦਾ ਭਾਣਾ ਵਰਤਿਆ ਕਿ ਉਸ ਔਰਤ ਤੇ ਏਨਾਂ ਜ਼ੁਲਮ ਢਾਹ ਕੇ ਫਿਰ ਉਸਦਾ ਮੂੰਹ ਕਾਲਾ ਕਰ ਦੂਨੀਆਂ ਵਿੱਚ ਜਲੂਸ ਕੱਢਿਆ ਗਿਆ, ਜਿੱਥੇ ਇੱਕ ਪਾਸੇ ਦਿੱਲੀ ਵਿੱਚ ਪਰੇਡ ਹੋ ਰਹੀ ਹੋਵੇਗੀ, ਭਾਰਤ ਦੇ ਗੌਰਵ ਦੀਆਂ ਝਲਕੀਆਂ ਕੱਢੀਆਂ ਜਾ ਰਹੀਆਂ ਹੋਣਗੀਆਂ ਉੱਥੇ ਦੂਸਰੇ ਪਾਸੇ ਇੱਕ ਔਰਤ ਦੀ ਪਰੇਡ ਹੋ ਰਹੀ ਸੀ, ਜਿਸ ਨੂੰ ਦੁਨੀਆਂ ਸਾਹਮਣੇ ਅਪਮਾਨਿਤ ਕੀਤਾ ਜਾ ਰਿਹਾ ਸੀ। ਇਸ ਤੋਂ ਇਲਾਵਾ ਸਾਡੇ ਸਮਾਜ ਦਾ ਇੱਕ ਹੋਰ ਚਿਹਰਾ ਸਾਨੂੰ ਵੇਖਣ ਨੂੰ ਮਿਲਿਆ ਕਿ ਔਰਤ ਹੀ ਔਰਤ ਦੀ ਦੁਸ਼ਮਣ ਬਣੀ ਹੋਈ ਹੈ। ਇਸ ਮਸਲੇ ਵਿੱਚ ਹੋਈਆਂ ਗ੍ਰਿਫ਼ਤਾਰੀਆਂ ਵਿੱਚ ਔਰਤਾਂ ਦੀ ਗਿਣਤੀ ਜਿਆਦਾ ਹੈ । ਜੋ ਕਿ ਤਮਾਮ ਦੇਸ਼ ਦੂਨੀਆਂ ਦੇ ਔਰਤ ਜਗਤ ਨੂੰ ਸ਼ਰਮਿੰਦਿਆਂ ਕਰਦੀ ਹੈ। ਜੇਕਰ ਔਰਤ ।।।।ਔਰਤ ਦੇ ਹੱਕ ਵਿੱਚ ਭੁਗਤ ਜਾਵੇ ਤਾਂ ਔਰਤਾਂ ਉੱਪਰ ਹੋਣ ਵਾਲੇ ਬਹੁਤ ਸਾਰੇ ਜ਼ੁਲਮਾਂ ਨੂੰ ਢੱਲ ਪਾਈ ਜਾ ਸਕਦੀ ਹੈ । ਭਾਵੇਂ ਉਹ ਘਰੇਲੂ ਹੋਣ ਚਾਹੇ ਸਮਾਜਿਕ। ਦੂਸਰਾ ਪੱਖ ਜੋ ਇੱਥੇ ਵੇਖਣ ਨੂੰ ਮਿਲਿਆ ਕਿ ਉਸ ਲੜਕੀ ਦੇ ਬਿਨਾ ਮਰਜ਼ੀ ਤੋਂ ਕੇਸ ਕਤਲ ਗਏ, ਜੋ ਕਿ ਉਸਦੀ ਧਾਰਮਿਕ ਸੁਤੰਤਰ ਉੱਪਰ ਸੱਟ ਸੀ। ਇਹ ਇੱਕ ਅਜਿਹੀ ਘਟਨਾ ਹੈ ਜਿਸਨੇ ਹਰ ਸੰਵੇਦਨਸ਼ੀਲ ਮਨੁੱਖ ਦੀ ਰੂਹ ਨੂੰ ਝੰਜੋੜ ਦਿੱਤਾ । ਇਹ ਕੋਈ ਪਹਿਲੀ ਘਟਨਾ ਨਹੀਂ ਅਜਿਹੀਆਂ ਪਤਾ ਨਹੀਂ ਕਿੰਨੀਆਂ ਕੁ ਔਰਤਾਂ ਨਿੱਤ ਆਪਣੀ ਪੱਤ ਲੀਰੋ ਲੀਰ ਕਰਵਾਉਂਦੀਆਂ ਹਨ, ਹੈਰਾਨਗੀ ਦੀ ਗੱਲ ਵੇਖੋ ਇੱਕ ਔਰਤ ਉੱਪਰ ਜ਼ੁਲਮ ਕੀਤਾ ਜਾਂਦਾ, ਫਿਰ ਉਸਦਾ ਸਾਥ ਦੇਣ ਦੀ ਬਜਾਇ ਉਸਨੂੰ ਸਮਾਜ ਤੋਂ ਬਿਲਕੁਲ ਅਲੱਗ ਕਰ ਦਿੱਤਾ ਜਾਂਦਾ, ਉਸ ਵੱਲ ਇਸ ਨਜ਼ਰ ਨਾਲ ਦੇਖਿਆ ਜਾਂਦਾ ਕਿ ਜੇਕਰ ਉਸ ਨਾਲ ਬਲਾਤਕਾਰ ਹੋਇਆ ਤਾਂ ਉਸ ਵਿੱਚ ਵੀ ਉਸਦਾ ਕਸੂਰ ਹੈ। ਪਹਿਲਾਂ ਸਰੀਰਕ ਤਸ਼ਦੱਦ, ਫਿਰ ਮਾਨਸਿਕ ਤੇ ਹਾਲੇ ਅਸੀਂ ਆਪਣੇ ਦੇਸ਼ ਨੂੰ ਇੱਕ ਸੱਭਿਅਕ ਦੇਸ਼ ਕਹਿੰਦੇ ਹਾਂ।

ਇਹ ਸਵਾਲ ਹੈ ਤਮਾਮ ਉਹਨਾਂ ਕਾਨੂੰਨ ਦੇ ਰਖਵਾਲਿਆਂ ਲਈ ਕਿ ਕਿਉਂ ਉਹ ਅਸਫਲ ਰਹਿੰਦੇ ਨੇ ਇੱਕ ਨਿਰੋਆ ਸਮਾਜ ਸਿਰਜਣ ਵਿੱਚ। ਕਿਉਂ ਦਿੱਲੀ ਦੀ ਦਰਿੰਦਗੀ ਕਦੇ ਠੱਲਦੀ ਨਹੀਂ। ਕਿਉਂਕਿ ਮਨੁੱਖੀ ਅਧਿਕਾਰਾਂ ਦਾ ਪਤਨ ਸ਼ਰੇਆਮ ਹੁੰਦਾ ਹੈ? ਕਿਉਂ ਇੱਕ ਔਰਤ ਕੋਲ ਜਿਊਣ ਦਾ ਹੱਕ ਖੋਹ ਲਿਆ ਜਾਂਦਾ ਹੈ ਤੇ ਛੱਡ ਦਿੱਤਾ ਜਾਂਦਾ ਹੈ ਉਸਨੂੰ ਅਧਮੋਈ ਜਿੰਦਗੀ ਜਿਊਣ ਲਈ।

ਇਹ ਘਟਨਾ ਧਾਰਮਿਕ ਸਮਾਜਿਕ ਭਾਵਨਾਵਾਂ ਨੂੰ ਧੁਰ ਅੰਦਰ ਤੱਕ ਹਿਲਾਉਣ ਵਾਲੀ ਘਟਨਾ ਹੈ। ਜੇਕਰ ਸਮਾਜ ਤੇ ਧਰਮ ਦੇ ਸਿਰਮੌਰ ਆਗੂਆਂ ਨੇ ਇਸ ਮਸਲੇ ਬਾਰੇ ਸੰਜੀਦਗੀ ਨਾਲ ਨਾ ਸੋਚਿਆ ਤਾਂ ਉਹਨਾਂ ਨੂੰ ਵੀ ਹੋਰਾਂ ਵਾਂਗ ਆਮ ਲੋਕਾਂ ਵਾਂਗ ਬੈਠ ਜਾਣਾ ਚਾਹੀਦਾ ਹੈ। ਅਸੀਂ ਇਸ ਸਮਾਜ ਦਾ ਹਿੱਸਾ ਹਾਂ, ਤਮਾਸ਼ਬੀਨ ਨਾ ਬਣੀਏ ਦਿੱਲੀ ਵਿੱਚ ਲੱਗੀ ਅੱਗ ਦਾ ਸੇਕ ਅੱਜ ਤੱਕ ਸਾਡੇ ਹੱਡਾਂ ਨੂੰ ਲੂਸਦਾ ਹੈ, ਯਾਦ ਰੱਖਿ? ਅੱਜ ਕਿਸੇ ਦੀ ਧੀ ਭੈਣ ਇਹਨਾਂ ਜ਼ੁਲਮਾਂ ਦੀ ਸ਼ਿਕਾਰ ਹੋਈ ਹੈ, ਕੱਲ ਨੂੰ ਪਤਾ ਨਹੀਂ ਕਿਸਦੀ ਵਾਰੀ ਆ ਜਾਵੇ। ਆਪਣੀ ਜਿੰਮੇਵਾਰੀ ਸਮਝੀਏ, ਸਰਕਾਰਾਂ ਨੂੰ, ਕਾਨੂੰਨ ਨੂੰ, ਸਮਾਜ ਨੂੰ, ਧਰਮਾਂ ਨੂੰ ਉਹਨਾਂ ਦੀਆਂ ਜਿੰਮੇਵਾਰੀਆਂ ਦਾ ਅਹਿਸਾਸ ਕਰਵਾਈਏ।

ਆਪਣੇ ਆਪ ਨੂੰ ਕਾਨੂੰਨ ਦੇ ਰਖਵਾਲੇ , ਲੋਕਾਂ ਦੇ ਸੇਵਕ ਕਹਿਣ ਵਾਲਿਆਂ ਨੂੰ ਔਰਤਾਂ ਦੀ ਸੁਰੱਖਿਆ ਯਕੀਨੀ ਬਣਾਉਣੀ ਚਾਹੀਦੀ ਹੈ। ਉਹ ਦੇਸ਼ ਜਿਸਦੀ ਰਾਜਧਾਨੀ ਵਿੱਚ ਹੀ ਔਰਤਾਂ ਮਹਿਫ਼ੂਜ਼ ਨਹੀਂ ਕਿਵੇਂ ਇੱਕ ਚੰਗਾ ਲੋਕਤੰਤਰੀ ਦੇਸ਼ ਅਖਵਾ ਸਕਦਾ ਹੈ? ਇਹਨਾਂ ਜ਼ੁਲਮਾਂ ਦੀ ਅੱਗ ਨੂੰ ਸਿਆਣਪ, ਸੁਚੱਜੀ ਅਗਵਾਈ ਰੂਪੀ ਪਾਣੀ ਪਾ ਬੁਝਾਇਆ ਜਾ ਸਕਦਾ ਹੈ ਨਹੀਂ ਤਾਂ ਇਹ ਸਵਾਲ ਹਮੇਸ਼ਾ ਰਹੇਗਾ ਕਿ ਆਖਰ ਕਦੋਂ ਰੁੱਕੇਗੀ ਦਿੱਲੀ ਵਿੱਚ ਦਰਿੰਦਗੀ?

NORTHCOAST LUMBER 1
CALL THE TRUE CONTRACTORS YARD TODAY
604-597-8884
*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks


14682 - 66th Ave, Surrey, BC, V3S 1Z9
Fax: 604-597-0854
www.lumber1.ca/contractor

METRO CONTRACTING LTD.
Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract


Residential & Commercial
Gurvinder Sanghera: 604-729-1435
Email: gsanghera77@gmail.com

# ਖੁਸ਼ ਰਹਿਣ ਦਾ ਰਾਜ !



ਹਰਕੀਰਤ ਕੌਰ
9779118066



ਜਿੰਦਗੀ ਬਹੁਤ ਖੂਬਸੂਰਤ ਹੈ ਪਰ ਸ਼ਰਤ ਇਹ ਕਿ ਸਾਨੂੰ ਜਿਊਣਾ ਆਉਂਦਾ ਹੋਵੇ। ਸਾਡੇ ਕੋਲ ਉਹ ਨਜ਼ਰੀਆ ਹੋਵੇ, ਉਹ ਅੱਖ ਹੋਵੇ ਜਿਸ ਨਾਲ ਜਿੰਦਗੀ ਵਿੱਚ ਸਭ ਚੰਗਾ ਹੀ ਵੇਖੀਏ। ਹਰ ਕੋਈ ਚਾਹੁੰਦਾ ਹੈ ਕਿ ਖੁਸ਼ਨੁਮਾ ਜਿੰਦਗੀ ਜੀਏ। ਚਿਹਰਾ ਖਿੜਿਆ ਰਹੇ, ਰੰਗ ਬਹਾਰ ਲੱਗੇ ਰਹਿਣ। ਵਿਹੜੇ ਵਿੱਚ ਹਾਸਿਆਂ ਦੀਆਂ ਕਿਲਕਾਰੀਆਂ ਗੂੰਜਦੀਆਂ ਰਹਿਣ। ਚਿਹਰਿਆਂ ਦੀਆਂ ਰੌਣਕਾਂ ਹਮੇਸ਼ਾ ਬਰਕਰਾਰ ਰਹਿਣ, ਚੈਨ, ਸ਼ਾਂਤੀ ਸਕੂਨ ਹੋਵੇ। ਪਰ ਇਹ ਸਭ ਸੋਚਣ ਤੱਕ ਸੀਮਤ ਹੈ, ਅਸਲ ਵਿੱਚ ਅੱਜ ਦੇ ਭੌਤਿਕਵਾਦੀ ਯੁੱਗ ਵਿੱਚ ਅਸੀਂ ਆਪਣੇ ਚਿਹਰਿਆਂ ਦੇ ਹਾਸੇ ਪਤਾ ਨਹੀਂ ਕਿੱਥੇ ਗਵਾ ਬੈਠੇ ਹਾਂ। ਕਦੇ ਇਕੱਲਿਆਂ ਬੈਠ ਕੇ ਸੋਚੀਏ ਤਾਂ ਕਿਸੇ ਵਿਰਲੇ ਨੂੰ ਹੀ ਯਾਦ ਆਊ ਕਿ ਉਹ ਕਦੋਂ ਖੁਲ੍ਹ ਕੇ ਖਿੜ ਖਿੜਾ ਕੇ ਹੱਸਿਆ ਹੋਵੇਗਾ। ਜਿਸ ਵੀ ਚਿਹਰੇ ਨੂੰ ਵੇਖੀ ਦਾ ਹੈ ਮੁਰਝਾਏ ਹੋਏ, ਖੇੜੇ ਤੋਂ ਸੱਖਣੇ, ਤਮਾਮ ਚਿੰਤਾਵਾਂ ਵਿੱਚ ਘਿਰੇ ਹੋਏ ਨਜ਼ਰੀ ਪੈਂਦੇ ਹਨ। ਸਾਡਿਆਂ ਚਿਹਰਿਆਂ ਤੋਂ ਖੁਸ਼ੀ ਦੀਆਂ ਤਰੰਗਾਂ ਦਾ ਦੂਰ ਹੋਣ ਦਾ ਮੁੱਖ ਕਾਰਨ ਸਾਡੀਆਂ ਜਰੂਰਤ ਤੋਂ ਵੱਧ ਇਛਾਵਾਂ ਦਾ ਵੱਧਣਾ ਹੈ। ਸਹੂਲਤਾਂ ਨਾਲ ਲਬਰੇਜ਼ ਜਿੰਦਗੀ ਜਿਊਣ ਦੀ ਆਸ ਰੱਖਣੀ, ਉਹਨਾਂ ਸਹੂਲਤਾਂ ਨੂੰ ਪੂਰਿਆਂ ਕਰਨ ਲਈ ਮਹਿਨਤ ਕਰਨੀ ਸਹੀ ਹੈ ਪਰ ਇੱਕ ਹੱਦ ਤੱਕ । ਜੇਕਰ ਸਾਡੀਆਂ ਇਛਾਵਾਂ ਅੱਜ ਹੋਰ ਕੱਲ ਹੋਰ ਪਰਸੋਂ ਹੋਰ ਵੱਧਦੀਆਂ ਜਾਣਗੀਆਂ ਤਾਂ ਅਸੀਂ ਕਦੇ ਜਿੰਦਗੀ ਆਨੰਦ ਨਹੀਂ ਲੈ ਸਕਾਂਗੇ। ਹੁਣ ਆਨੰਦ ਕੇਵਲ ਮਹਿੰਗੀਆਂ ਚੀਜ਼ਾਂ ਲੈਕੇ, ਮਹਿੰਗੀਆਂ ਜਗਾਵਾਂ ਤੇ ਘੁੰਮ ਕੇ, ਮਹਿੰਗੇ ਕੱਪੜੇ ਖਰੀਦ ਕੇ ਨਹੀਂ ਮਿਲਦਾ ਬਲਕਿ ਘਰ ਦੇ ਜੀਆਂ ਨਾਲ ਦੋ ਘੜੀਆਂ ਸਕੂਨ ਨਾਲ ਬੈਠ ਕੇ ਇੱਕ ਦੂਸਰੇ ਦੇ ਦਿਲ ਦਾ ਹਾਲ ਜਾਣ ਕੇ ਮਿਲਦਾ ਹੈ ਕੁਦਰਤ ਨੂੰ ਮਾਣ ਕੇ, ਹਵਾ ਦੇ ਰੁਮਕਣ ਨਾਲ ਜਦੋਂ ਤੁਹਾਡੇ ਸਰੀਰ ਵਿੱਚ ਝਨਝਨਾਹਟ ਜਿਹੀ ਹੋਵੇ ਤਾਂ ਮਹਿਸੂਸ ਕਰੋ ਕਿ ਕੁਦਰਤ ਤੁਹਾਡੇ ਨਾਲ ਖੇਡ ਰਹੀ ਹੈ। ਪੇੜ ਪੌਦਿਆਂ, ਪੰਛੀਆਂ ਦੀਆਂ ਰੰਗ ਬਿਰੰਗੀਆਂ ਕਿਸਮਾਂ ਦੇਖੋ ਤੇ ਵਾਰੇ ਵਾਰੇ ਜਾ ? ਉਸ ਕਾਦਰ ਦੀ ਕੁਦਰਤ ਤੋਂ ਜਿਸ ਨੇ ਬਿਨਾ ਕਿਸੇ ਮੁੱਲ ਸਾਨੂੰ ਇਹ ਅਣਮੁੱਲੀਆਂ ਅਨਾਮਤਾ ਨਾਲ ਨਵਾਜਿਆ ਹੈ। ਇਹ ਨਿੱਕੀਆਂ ਨਿੱਕੀਆਂ ਤੇ ਆਮ ਜਿਹੀਆਂ ਗੱਲਾਂ ਸਾਨੂੰ ਬਹੁਤ ਸਾਰੀ ਖੁਸ਼ੀ ਦਿੰਦੀਆਂ ਹਨ। ਮੈਂ ਦੇਖਦੀ ਹਾਂ ਹਜ਼ਾਰਾਂ ਮਾਨਸਿਕ ਰੋਗਾਂ ਤੋਂ ਪ੍ਰੇਸ਼ਾਨ ਲੋਕ ਮਹਿੰਗੇ ਮਹਿੰਗੇ ਡਾਕਟਰਾਂ ਕੋਲ ਜਾਂਦੇ ਹਨ। ਉਹ ਡਾਕਟਰ ਇਹ ਦੱਸਣ ਦਾ ਹੀ ਹਜ਼ਾਰਾਂ ਰੁਪਏ ਫੀਸ ਲੈ ਲੈਂਦੇ ਹਨ ਕਿ ਜੇਕਰ ਮਾਨਸਿਕ ਰੋਗਾਂ ਤੋਂ ਮੁਕਤ ਹੋਣਾ ਹੈ , ਖੁਸ਼ ਰਹਿਣਾ ਹੈ ਤਾਂ ਸਵੇਰੇ ਜਲਦੀ ਉੱਠੋ, ਸੈਰ ਕਰੋ, ਸੰਤੁਲਿਤ ਭੋਜਨ ਖਾਉ, ਖੁਸ਼ ਰਹੋ, ਪੂਰੀ ਨੀਂਦ ਲਉ, ਪਰਿਵਾਰ ਨਾਲ ਸਮਾਂ ਬਿਤਾ ?, ਉਦਾਸ ਨਾ ਹੋਵੋ, ਜਿਆਦਾ ਸੋਚੋ ਨਾ, ਕਿਤਾਬਾਂ ਪੜੋ ਆਦਿ। ਜੋ ਬਹੁਤ ਹੀ ਆਮ ਗੱਲਾਂ ਹਨ, ਜਿੰਨਾ ਬਾਰੇ ਸਾਨੂੰ ਸਾਰਿਆਂ ਨੂੰ ਪਤਾ ਹੈ ਕਿ ਸਾਨੂੰ ਇਹ ਸਭ ਕਰਨਾ ਚਾਹੀਦਾ ਹੈ ਪਰ ਅਸੀਂ ਆਪਣੇ ਵਿੱਚ ਤਬਦੀਲੀ ਲਿਆਉਣ ਦੀ ਬਜਾਇ ਮਾਨਸਿਕ ਬਿਮਾਰੀਆਂ ਲਗਾ ਡਾਕਟਰਾਂ ਕੋਲ ਧੱਕੇ ਖਾਂਦੇ ਰਹਿੰਦੇ ਹਾਂ। ਖੁਸ਼ੀ ਕਿਤੋਂਉ ਵੀ ਮੁੱਲ ਨਹੀਂ ਮਿਲਦੀ। ਇਹ ਸਿਰਜਣੀ ਪੈਂਦੀ ਹੈ । ਖੁਸ਼ ਰਹਿਣ ਦਾ ਰਾਜ ਇਹੀ ਹੈ ਕਿ ਹਮੇਸ਼ਾ ਚੜਦੀਕਲਾ ਵਿੱਚ ਰਹੋ। ਹਲਾਤ ਕਿਹੋ ਜਿਹੇ ਵੀ ਹੋਣ ਉਸਨੂੰ ਨਹੀਂ ਹਰਾ ਸਕਦੇ ਜਿਸਨੂੰ ਜੀਊਣ ਦੀ ਕਲਾ ਹੋਵੇ। ਗੁਰਬਾਣੀ ਪੜੋ, ਵਧੀਆ ਲੇਖਕਾਂ ਦੀਆਂ ਕਿਤਾਬਾਂ ਪੜੋ, ਚੰਗਾ ਸੰਗੀਤ ਸਣੋ, ਆਪਣੇ ਸ਼ੌਕਾਂ ਨੂੰ ਪੂਰਾ ਕਰਨ ਲਈ ਆਪਣੇ ਆਪ ਨੂੰ ਸਮਾਂ ਦਿਉ। ਯਾਦ ਰੱਖਣਾ ਹਲਾਤ ਕਦੇ ਵੀ ਇੱਕੋ ਜਿਹੇ ਨਹੀਂ ਰਹਿੰਦੇ, ਇਹਨਾਂ ਦਾ ਬਦਲਣਾ ਨਿਸ਼ਚਿਤ ਹੈ, ਹੂਬਹੂ ਮੌਸਮਾਂ ਦੀ ਤਰ੍ਹਾਂ ਕਦੇ ਬਹਾਰ ਕਦੇ ਪੱਤਝੜ। ਜੀਵਨ ਇੱਕ ਹੈ, ਜੋ ਬੀਤ ਗਿਆ ਉਸ ਉੱਤੇ ਪਛਤਾਉਣਾ ਛੱਡੋ, ਉਸ ਤੋਂ ਸਬਕ ਲਉ, ਅੱਜ ਨੂੰ ਜੀ ? ਤੇ ਕੱਲ ਦੀ ਫ਼ਿਕਰ ਨਾ ਕਰੋ। ਕੇਵਲ ਅੱਜ ਸਾਡਾ ਆਪਣਾ ਹੈ, ਬੀਤ ਚੁੱਕੇ ਨੂੰ ਤੇ ਨਾ ਹੀ ਆਉਣ ਵਾਲੇ ਕੱਲ ਨੂੰ ਬਦਲਿਆ ਨਹੀਂ ਜਾ ਸਕਦਾ। ਸਾਡੇ ਅੱਜ ਤੇ ਸਾਡਾ ਜੋਰ ਹੈ, ਅੱਜ ਦੀ ਲਗਾਮ ਇੱਕ ਚੰਗੇ ਘੋੜਸਵਾਰ ਦੀ ਤਰ੍ਹਾਂ ਫੜੋ ਤਾਂ ਜੋ ਪਿੱਛੇ ਮੁੜ ਕੇ ਬੀਤੇ ਨੂੰ ਯਾਦ ਕਰੋ ਤਾਂ ਤੁਹਾਡੇ ਚਿਹਰੇ ਤੇ ਉਦੋਂ ਵੀ ਸੰਤੁਸ਼ਟੀ ਨਾਲ ਭਰੀ ਇੱਕ ਹਸੀਨ ਜਿਹੀ ਮੁਸਕਾਨ ਹੋਵੇ। ਸੁੱਖ ਸਹੂਲਤਾਂ ਸਾਨੂੰ ਕਦੇ ਵੀ ਸਦੀਵੀ ਖੁਸ਼ੀ ਨਹੀਂ ਦੇ ਸਕਦੀਆਂ। ਅਸੀਂ ਥੋੜ ਚਿਰੀ ਨਹੀਂ ਬਲਕਿ ਸਦੀਵੀ ਖੁਸ਼ੀ ਲੱਭਣ ਦਾ ਯਤਨ ਕਰਨਾ ਹੈ ਜੋ ਝਖੜਾਂ, ਹਨੇਰਿਆਂ, ਦੁੱਖਾਂ ਸੁੱਖਾਂ ਬਹਾਰਾਂ ਵਿੱਚ ਵੀ ਕਾਇਮ ਰਹੇ। ਇਹੀ ਹੈ ਖੁਸ਼ ਰਹਿਣ ਦਾ ਰਾਜ ਇਹੀ ਹੈ ਆਬਾਦ ਰਹਿਣ ਦਾ ਰਾਜ ।

AMA CONCRETE
Commercial & Residential

- Placing Pumping & Finishing
- Foundation Floors
- Smooth Finishing
- Exposed Broom Finishing
- Stamped Concrete

ਜੇਕਰ ਤੁਸੀਂ ਡਰਾਈਵੇਅ ਪੁੱਟਣਾ ਚਾਹੁੰਦੇ ਹੋ, ਸਾਈਡ ਵਾਕ, ਕਰਬਜਾਂ ਕਿਸੇ ਵੀ ਤਰ੍ਹਾਂ ਦੀ ਕੰਕਰੀਟ ਨੂੰ ਕੱਟ ਕੇ ਰਿਮੂਵ ਕਰਦੇ ਹਾਂ

ਵਧੀਆ ਸਰਵਿਸ , ਵਾਜਿਬ ਰੇਟ ਅਤੇ ਮੁਫਤ ਐਸਟੀਮੇਟ ਲਈ ਫੋਨ ਕਰੋ

Sodhi: 604-518-4389 | Harjeet: 604-613-0472

J & S Insulation & Rebar Ltd.



Residential & Commercial

Batt Insulation, Rigid Insulation, Insulate Sprinkler, Slab Insulation, Rebar, Poly, Styrofoam

Quality Work, Free Estimates
Best Price

Sarbjit: 604.841.9849

SKY BLUE DRYWALL LTD.
Residential & Commercial

T-Bar
Steel Stud
Boarding
Taping
Ceiling Texture
Renovation
Quality Work
Free Estimates




Daljit Singh
778-549-3605
E: singh.mand@icloud.com




# ਗਰੀਸ-ਤੁਰਕੀ ਸਰਹੱਦ ਉੱਤੇ 12 ਪ੍ਰਵਾਸੀਆਂ ਦੀਆਂ ਲਾਸ਼ਾਂ ਬਰਾਮਦ

ਅੰਕਾਰਾ-ਤੁਰਕੀ ਦੇ ਗ੍ਰਹਿ ਮੰਤਰੀ ਨੇ ਦੱਸਿਆ ਕਿ ਅਧਿਕਾਰੀਆਂ ਨੇ ਪ੍ਰਵਾਸੀਆਂ ਦੀਆਂ 12 ਲਾਸ਼ਾਂ ਬਰਾਮਦ ਕੀਤੀਆਂ ਹਨ, ਜਿਨ੍ਹਾਂ ਬਾਰੇ ਮੰਨਿਆ ਜਾ ਰਿਹਾ ਹੈ ਕਿ ਇਹ ਲੋਕ ਗਰੀਸ ਨਾਲ ਲੱਗਦੀ ਤੁਰਕੀ ਦੀ ਸਰਹੱਦ ਦੇ ਨੇੜੇ ਤੁਰਕੀ ਵਿੱਚ ਵਾਪਸ ਧੱਕੇ ਜਾਣ ਤੋਂ ਬਾਅਦ ਬਰਫ਼ ਵਿੱਚ ਜੰਮ ਕੇ ਮਰ ਗਏ ਹਨ। ਗ੍ਰਹਿ ਮੰਤਰੀ ਨੇ ਟਵੀਟ ਕਰਕੇ ਦੱਸਿਆ ਕਿ ਇਹ 12 ਲੋਕ ਉਨ੍ਹਾਂ 22 ਪ੍ਰਵਾਸੀਆਂ ਵਿੱਚੋਂ ਹਨ, ਜਿਨ੍ਹਾਂ ਨੂੰ ਗਰੀਸ ਦੇ ਸਰਹੱਦੀ ਗਾਰਡਾਂ ਨੇ ਤੁਰਕੀ ਵਾਪਸ ਧੱਕ ਦਿੱਤਾ ਸੀ। ਉਨ੍ਹਾਂ ਕਿਹਾ ਕਿ ਪ੍ਰਵਾਸੀਆਂ ਦੀਆਂ ਲਾਸ਼ਾਂ ਤੁਰਕੀ ਅਤੇ ਗਰੀਸ ਦੀ ਸਰਹੱਦ ਉੱਤੇ ਇਪਸਲਾ ਬਾਰਡਰ ਕ੍ਰਾਸਿੰਗ ਨੇੜੇ ਬਿਨਾਂ ਜੁੱਤੀਆਂ ਤੇ ਕੱਪੜਿਆਂ ਤੋਂ ਮਿਲੀਆਂ ਹਨ। ਮੰਤਰੀ ਨੇ ਹੋਰ ਵੇਰਵੇ ਨਹੀਂ ਦਿੱਤੇ, ਪਰ ਯੂਨਾਨੀ ਸਰਹੱਦੀ ਇਕਾਈਆਂ ਉੱਤੇ ਬੇਰਹਿਮੀ ਨਾਲ ਕੰਮ ਕਰਨ ਅਤੇ ਯੂਰਪੀਅਨ ਯੂਨੀਅਨ ਉੱਤੇ ਗਰੀਸ ਪ੍ਰਤੀ ਨਰਮ ਰਹਿਣ ਦਾ ਦੋਸ਼ ਲਗਾਇਆ ਹੈ। ਤੁਰਕੀ ਅਕਸਰ ਗੁਆਂਢੀ ਦੇਸ਼ ਗਰੀਸ ਉੱਤੇ ਗੈਰ-ਕਾਨੂੰਨੀ ਤੌਰ ਉੱਤੇ ਯੂਰਪ ਜਾਣ ਵਾਲੇ ਚਾਹਵਾਨ ਪ੍ਰਵਾਸੀਆਂ ਨੂੰ ਪਿੱਛੇ ਧੱਕਣ ਦਾ ਦੋਸ਼ ਲਗਾਉਂਦਾ ਹੈ, ਜਦੋਂ ਕਿ ਗਰੀਸ ਦੋਸ਼ਾਂ ਤੋਂ ਇਨਕਾਰ ਕਰਦਾ ਹੈ। ਵਰਨਣ ਯੋਗ ਹੈ ਕਿ ਯੂਰਪੀਨ ਯੂਨੀਅਨ ਦੇ ਦੇਸ਼ਾਂ ਵਿੱਚ ਬਿਹਤਰ ਜੀਵਨ ਦੀ ਤਲਾਸ਼ ਵਿੱਚ ਮੱਧ ਪੂਰਬ, ਏਸ਼ੀਆ ਅਤੇ ਅਫਰੀਕਾ ਦੇ ਪ੍ਰਵਾਸੀਆਂ ਲਈ ਤੁਰਕੀ ਇੱਕ ਪ੍ਰਮੁੱਖ ਕਰਾਸਿੰਗ ਪੁਆਇੰਟ ਹੈ। ਜ਼ਿਆਦਾਤਰ ਲੋਕ ਜਾਂ ਤਾਂ ਉਤਰ-ਪੂਰਬੀ ਜ਼ਮੀਨੀ ਸਰਹੱਦ ਨੂੰ ਪਾਰ ਕਰਕੇ ਜਾਂ ਪੂਰਬੀ ਏਜੀਅਨ ਸਾਗਰ ਟਾਪੂਆਂ ਵੱਲ ਜਾਣ ਵਾਲੀਆਂ ਤਸਕਰੀ ਵਾਲੀਆਂ ਕਿਸ਼ਤੀਆਂ ਵਿੱਚ ਚੜ੍ਹ ਕੇ ਗਰੀਸ ਵਿੱਚ ਜਾਣ ਦੀ ਕੋਸ਼ਿਸ਼ ਕਰਦੇ ਹਨ।

## ਅਰਜੁਨ ਕਪੂਰ ਨੇ ਸ਼ੁਰੂ ਕੀਤੀ 'ਕੁੱਤੇ' ਦੇ ਆਖਰੀ ਸ਼ਡਿਊਲ ਦੀ ਸ਼ੂਟਿੰਗ



ਮੁੰਬਈ-ਅਰਜੁਨ ਕਪੂਰ ਨੇ ਆਪਣੀ ਅਗਲੀ ਡਾਰਕ ਕਾਮੇਡੀ ਫਿਲਮ 'ਕੁੱਤੇ' ਦੇ ਆਖਰੀ ਸ਼ਡਿਊਲ ਦੀ ਸ਼ੂਟਿੰਗ ਸ਼ੁਰੂ ਕਰ ਦਿੱਤੀ ਹੈ। ਇਸ ਵਿੱਚ ਅਰਜੁਨ ਦੇ ਨਾਲ ਨਸੀਰੂਦੀਨ ਸ਼ਾਹ, ਕੋਂਕਣਾ ਸੇਨ ਸ਼ਰਮਾ, ਤੱਬੂ ਅਤੇ ਰਾਧਿਕਾ ਮਦਾਨ ਹਨ। ਅਰਜੁਨ ਨੇ ਕਿਹਾ, "ਇਸ ਫਿਲਮ ਦੇ ਸੈੱਟ ਉੱਤੇ ਹਰ ਦਿਨ ਮੈਨੂੰ ਅਜਿਹਾ ਮਹਿਸੂਸ ਹੋਇਆ ਕਿ ਫਿਲਮ ਇੰਡਸਟਰੀ ਵਿੱਚ ਇਹ ਮੇਰਾ ਪਹਿਲਾ ਦਿਨ ਹੈ। ਮੈਨੂੰ ਪਤਾ ਹੈ ਕਿ ਮੈਂ ਇਸ ਸੈਟ ਉੱਤੇ ਰਹਿ ਕੇ ਹੋਰ ਜ਼ਿਆਦਾ ਬਿਹਤਰ ਪ੍ਰਫਾਰਮਰ ਬਣ ਗਿਆ ਹਾਂ।" ਇਸ ਫਿਲਮ ਦਾ ਨਿਰਦੇਸ਼ਨ ਵਿਸ਼ਾਲ ਭਾਰਦਵਾਜ ਦੇ ਬੇਟੇ ਆਸਮਾਨ ਕਰ ਰਹੇ ਹਨ।

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ

- ☑ ਪਹਿਲੀ ਵਾਰ ਘਰ ਖਰੀਦਣ ਵਾਲੇ
- ☑ ਰੈਜੀਡੈਂਸ਼ੀਅਲ ਮੌਰਟਗੇਜ
- ☑ ਕੰਸਟਰਕਸ਼ਨ ਮੌਰਟਗੇਜ
- ☑ ਪ੍ਰਾਈਵੇਟ ਮੌਰਟਗੇਜ
- ☑ ਸੈਕੰਡ ਅਤੇ ਥਰਡ ਮੌਰਟਗੇਜ

- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage

(*Conditionsapply)

Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com



KULDIP S PANESAR
Senior Mortgage Advisor
Cell: 604-308-6839

ਬੀ.ਸੀ. ਵਿੱਚ ਕੋਵਿਡ-19




ਪਿਡਿਐਟ੍ਰਿਕ ਵੈਕਸੀਨ ਬੱਚਿਆਂ ਦੀ ਸੁਰੱਖਿਆ, ਦੂਜਿਆਂ ਨੂੰ ਸੁਰੱਖਿਅਤ ਰੱਖਣ ਅਤੇ ਕੋਵਿਡ-19 ਦੇ ਫੈਲਾਅ ਨੂੰ ਘੱਟ ਕਰਨ ਵਿੱਚ ਮਦਦ ਕਰਨ ਦਾ ਇੱਕ ਮਹੱਤਵਪੂਰਨ ਅਗਲਾ ਕਦਮ ਹੈ। ਕੈਨੇਡਾ ਦੇ ਪਿਡਿਐਟ੍ਰਿਕ ਵੈਕਸੀਨ ਸੁਰੱਖਿਅਤ ਅਤੇ ਅਸਰਦਾਰ ਹਨ ਅਤੇ ਇਹ ਬੱਚਿਆਂ ਦੇ ਇਮਿਊਨ ਸਿਸਟਮ ਲਈ ਤਿਆਰ ਕੀਤੇ ਗਏ ਹਨ।

» ਆਸਾਨ ਰਜਿਸਟਰੇਸ਼ਨ
» ਬੱਚਿਆਂ ਦੇ ਅਨੁਕੂਲ ਵੈਕਸੀਨ ਕਲੀਨਿਕ
» ਸਕੂਲ ਤੋਂ ਬਾਅਦ ਅਤੇ ਸ਼ਾਮ ਨੂੰ ਵੈਕਸੀਨ ਕਲੀਨਿਕ ਦੇ ਵਧਾਏ ਗਏ ਘੰਟੇ

ਹੋਰ ਜਾਣੋ:
gov.bc.ca/vaccineforkids
BRITISH COLUMBIA

# ਸੁਨੇਹਾ





—ਪ੍ਰੋ: ਸ਼ਮੀਰ ਸਿੰਘ

ਮੈਨੂੰ ਯਾਦ ਆਉਂਦਾ ਜਦੋਂ ਮੈਨੂੰ ਪੰਜਾਬ ਯੂਨੀਵਰਸਿਟੀ ਲਾਹੌਰ ਦੀ ਲਾਇਬ੍ਰੇਰੀ ਵਿਚ ਗੁਰਮੁਖੀ ਲਿੱਪੀ ਵਿਚ ਲਿਖੇ ਹਿੰਦੀ ਸਾਹਿਤ ਦੀਆਂ ਹੱਥਲਿਖਤ ਪ੍ਰਤੀਆਂ ਨੂੰ ਪੜ੍ਹਣ ਅਤੇ ਅਧਿਐਨ ਕਰਨ ਲਈ ਦੱਸ ਦਿਨਾਂ ਦਾ ਵੀਜ਼ਾ ਪਾਕਿਸਤਾਨ ਸਰਕਾਰ ਵਲੋਂ ਜਦੋਂ ਮਿਲਿਆ, ਮੇਰੀ ਖੁਸ਼ੀ ਦੀ ਕੋਈ ਹੱਦ ਨਹੀਂ ਸੀ। ਮੈਂ ਖੁਸ਼ੀ ਖੁਸ਼ੀ ਆਪਣੇ ਪ੍ਰਿੰਸੀਪਲ ਸਾਹਿਬ ਨੂੰ ਸੱਦਿਆ ਤੇ ਉਨ੍ਹਾਂ ਨੇ ਮੈਨੂੰ ਜਾਣ ਲਈ ਮਨਜ਼ੂਰੀ ਦਿਵਾ ਦਿੱਤੀ। ਮੈਂ ਤਿਆਰੀ ਕਰ ਕੇ ਆਪਣੇ ਕਾਗਜ਼-ਪੱਤਰ ਬੰਨ ਲਏ ਅਤੇ ਵਾਹਗਾ ਬਾਰਡਰ ਪਾਰ ਕਰਕੇ ਪੰਜਾਬ ਯੂਨੀਵਰਸਿਟੀ ਲਾਹੌਰ ਪਹੁੰਚ ਗਿਆ। ਯੂਨੀਵਰਸਿਟੀ ਅਧਿਕਾਰੀਆਂ ਨੇ ਮੇਰੀ ਰਿਹਾਇਸ਼ ਦਾ ਪ੍ਰਬੰਧ ਪਹਿਲਾਂ ਹੀ ਕੀਤਾ ਹੋਇਆ ਸੀ। ਸਬੱਬ ਨਾਲ ਲਾਇਬ੍ਰੇਰੀ ਵੀ ਗੈਸਟ ਹਾਊਸ ਤੋਂ ਥੋੜੀ ਦੂਰ ਸੀ। ਗੈਸਟ ਹਾਊਸ ਵਿਚ ਸੈਟ ਹੋ ਕੇ ਮੈਂ ਅਗਲੇ ਦਿਨ ਲਾਇਬ੍ਰੇਰੀ ਗਿਆ ਅਤੇ ਲਾਇਬ੍ਰੇਰੀਅਨ ਨੂੰ ਮਿਲ ਕੇ ਆਪਣਾ ਖੋਜ ਦਾ ਕੰਮ ਸ਼ੁਰੂ ਕਰ ਦਿੱਤਾ। ਅਕਤੂਬਰ ਦਾ ਮਹੀਨਾ ਸੀ, ਮੈਂ ਸਾਰਾ ਦਿਨ ਲਾਇਬ੍ਰੇਰੀ ਵਿਚ ਆਪਣਾ ਕੰਮ ਕਰਦਾ ਤੇ ਸ਼ਾਮ ਨੂੰ ਯੂਨੀਵਰਸਿਟੀ ਦੀ ਬੱਸ ਪਕੜ ਕੇ ਮਾਲ ਰੋਡ ਜਾ ਉਤਰਦਾ। ਮਾਲ ਰੋਡ ਦੇ ਨਾਲ ਹੀ ਯੂਨੀਵਰਸਿਟੀ ਦਾ ਪੁਰਾਣਾ ਕੈਂਮਪਸ ਲਗਦਾ ਅਤੇ ਕੈਂਮਪਸ ਦੇ ਨਾਲ ਹੀ ਅਨਾਰਕਲੀ ਬਜ਼ਾਰ ਪੈਂਦਾ ਹੈ। ਮੇਰਾ ਰੋਜ਼ ਦਾ ਅਕਰਸ਼ਣ ਅਨਾਰਕਲੀ ਦੀ ਰੌਣਕ ਵੇਖਣ ਦਾ ਬਣ ਗਿਆ। ਇਕ ਦਿਨ ਮੈਂ ਬੱਸ ਤੋਂ ਉੱਤਰਿਆਂ ਹੀ ਤੇ ਗੇਟ ਵਿਚੋਂ ਲੰਘਿਆ। ਯੂਨੀਵਰਸਿਟੀ ਦੇ ਆਂਗਣ ਵਿਚ ਦਾਖਲ ਹੋਇਆ ਤਾਂ ਵੇਖਿਆ ਕੁਝ ਵਿਦਿਆਰਥੀ ਖੜੇ ਸਨ। ਉਨ੍ਹਾਂ ਮੈਨੂੰ ਵਿਸ਼ ਕੀਤਾ। ਗੱਲਾਂ ਦੌਰਾਨ ਪਤਾ ਲੱਗਾ ਕਿ ਉਹ ਆਰਟਸ ਕਾਲਜ ਦੇ ਵਿਦਿਆਰਥੀ ਸਨ। ਮੇਰੀ ਰੁਚੀ ਹੋਰ ਤੀਖਣ ਹੋ ਗਈ। ਇਕ ਜਣੇ ਨੇ ਪੁੱਛ ਹੀ ਲਿਆ, ?"ਅੰਕਲ ਜੀ! ਤੁਸੀਂ ਚੜ੍ਹਦੇ ਪੰਜਾਬ ਵਿਚੋਂ ਆਏ ਹੋ?" ਜਦੋਂ ਮੈਂ ਉਨ੍ਹਾਂ ਨੂੰ ਅੰਮ੍ਰਿਤਸਰ ਦੱਸਿਆ, ਖਾਲਸਾ ਕਾਲਜ ਪੜ੍ਹਾਉਣਾਂ ਦੱਸਿਆ ਤਾਂ ਉਹ ਕਹਿਣ ਲੱਗੇ, "ਫਿਰ ਤਾਂ ਤੁਸੀਂ ਵਾਹਗਾ ਬਾਰਡਰ ਦੇ ਉਸ ਪਾਰ ਨੇੜੇ ਹੀ ਰਹਿਣ ਵਾਲੇ ਹੋ।" ਮੈਂ ਉਨ੍ਹਾਂ ਦੀ ਹਾਂ ਵਿਚ ਹਾਂ ਮਿਲਾ ਦਿੱਤੀ। ਉਥੋਂ ਵਿਹਲੇ ਹੋ ਕੇ ਮੈਂ ਰੋਜ਼ ਦੀ ਤਰਾਂ ਅਨਾਰਕਲੀ ਬਜ਼ਾਰ ਚਲਾ ਗਿਆ। ਸ਼ੁਰੂ ਵਿਚ ਇਕ ਗੰਨੇਰੀਆਂ ਵੇਚਣ ਵਾਲੇ ਨੇ ਮੈਨੂੰ ਅਵਾਜ਼ ਦਿੱਤੀ, "ਸਰਦਾਰ ਜੀ! ਗੰਨੇਰੀਆਂ ਬਹੁਤ ਠੰਡੀਆਂ ਹਨ। ਨਿਰਾ ਮਿਸ਼ਰੀ ਦੀਆਂ ਡਲੀਆਂ ਹਨ। ਚੂਸੋਗੇ ਤੇ ਯਾਦ ਕਰੋਗੇ।" ਇਹ ਸਭ ਕੁਝ ਉਸਨੇ ਆਪਣੀ ਪੱਗ ਦੇ ਲਮਕਦੇ ਹੋਏ ਪੱਲੇ ਨੂੰ ਮੋਢੇ ਤੋਂ ਉੱਪਰ ਸੁੱਟਦੇ ਹੋਏ ਹੀ ਕਹਿ ਦਿਤਾ। ਮੈਂ ਉਸਦਾ ਸੱਦਾ ਪਿਆਰ ਨਾਲ ਕਬੂਲ ਲਿਆ ਤੇ ਫਿਰ ਆਉਣ ਦਾ ਵਾਅਦਾ ਕਰਕੇ ਉਸਤੋਂ ਵਿਦਾ ਲਈ। ਮੇਰੇ ਵੀਜੇ ਦਾ ਇਹ ਨੌਵਾਂ ਦਿਨ ਸੀ। ਘਰਦਿਆਂ ਵੱਲੋਂ ਮੈਨੂੰ ਦੁਪੱਟੇ ਲੈ ਕੇ ਆਉਣ ਦੀ ਪੱਕੀ ਕੀਤੀ ਗਈ ਸੀ। ਮੈਂ ਕੱਪੜੇ ਦੀਆਂ ਦੁਕਾਨਾਂ ਵੇਖ ਰਿਹਾ ਸਾਂ ਕਿ ਇਕ ਦੁਕਾਨ ਵਾਲੇ ਨੇ ਮੈਨੂੰ ਹੱਥ ਹਿਲਾ ਕੇ ਅਵਾਜ਼ ਦਿੱਤੀ। ਮੈਂ ਉਸਦੀ ਦੁਕਾਨ ਤੇ ਰੁਕ ਗਿਆ ਤੇ ਛੋਟੀ ਜੇਹੀ ਲਕੜੀ ਦੀ ਪੌੜੀ ਚੜ੍ਹਕੇ ਬੈਂਚ ਉੱਤੇ ਬਹਿ ਗਿਆ। ਦੁਕਾਨਦਾਰ ਨੇ ਆਪਣੇ ਨਾਲ ਦੇ ਨੂੰ ਸੈਵਨਅੱਪ ਖੋਲ੍ਹਣ ਦੀ ਅਵਾਜ਼ ਦਿੱਤੀ, ਮੈਂ ਠੰਡਾ ਪਾਣੀ ਪੀਣ ਲਈ ਕਿਹਾ। ਦੁਕਾਨਦਾਰ ਨੇ ਕਿਹਾ, "ਸਰਦਾਰ ਜੀ ਕੀ ਲਵੋਗੇ!" ਮੈਂ ਆਪਣੀ ਵਧੀਆ ਕੁਆਲਿਟੀ ਦੇ ਦੁਪੱਟਿਆਂ ਦੀ ਮੰਗ ਦੱਸੀ। ਉਹ ਦੁਪੱਟੇ ਵਿਖਾ ਰਿਹਾ ਸੀ ਤੇ ਨਾਲ ਹੀ ਚੜ੍ਹਦੇ ਪੰਜਾਬ ਵਿਚ ਮੇਰਾ ਥਾਂ-ਟਿਕਾਣਾ ਪੁੱਛ ਲਿਆ। ਮੈਂ ਜਦੋਂ ਉਸ ਨੂੰ ਅੰਮ੍ਰਿਤਸਰ ਸ਼ਹਿਰ ਬਾਰੇ ਦੱਸਿਆ ਤਾਂ ਮੇਰੇ ਵੱਲ ਪਿਆਰ ਅਤੇ ਗਹੁ ਨਾਲ ਵੇਖਣ ਲੱਗਾ ਲਗਾਤਾਰ ਵੇਖੀ ਜਾ ਰਿਹਾ ਸੀ। ਮੈਂ ਥਾਨ ਦਾ ਮੁੱਲ ਪੁੱਛਿਆ ਪਰ ਉਹ ਚੁੱਪ ਸੀ। ਥੋੜੀ ਦੇਰ ਪਿੱਛੋਂ ਕਹਿਣ ਲੱਗਾ, "ਸਰਦਾਰ ਜੀ ਮੇਰਾ ਪਿਛੋਕੜ ਵੀ ਅੰਮ੍ਰਿਤਸਰ ਦਾ ਹੀ ਹੈ। ਮੈਂ ਹਾਲ ਬਜ਼ਾਰ ਦੇ ਨਾਲ ਲਗਦੀ ਜੇਲ੍ਹ ਵਾਲੀ ਗਲੀ ਵਿਚ ਰਹਿੰਦਾ ਸਾਂ, ਬਟਵਾਰੇ ਪਿੱਛੋਂ ਛੱਡ-ਛਡਾ ਕੇ ਲਾਹੌਰ ਆ ਵੱਸੇ ਹਾਂ। ਭਾਵੇਂ ਲਾਹੌਰ ਅਤੇ ਅੰਮ੍ਰਿਤਸਰ ਵਿੱਚ ਕੋਈ ਫਰਕ ਨਹੀਂ ਫਿਰ ਵੀ ਮੈਂ ਅੰਮ੍ਰਿਤਸਰ ਨਹੀਂ ਭੁੱਲਦਾ। ਹਾਲ ਬਜ਼ਾਰ ਦੀ ਰੌਣਕ ਅੱਜ ਵੀ ਮੇਰੇ ਜ਼ਿਹਨ ਵਿਚ ਵੱਸੀ ਹੋਈ ਹੈ। ਉਸਦਾ ਨਾਂ ਅਹਿਮਦ ਸੀ। ਕਹਿਣ ਲੱਗਾ, "ਸਰਦਾਰ ਜੀ! 'ਭਰਾਵਾਂ ਦੇ ਢਾਬੇ ਦਾ ਮਾਲਿਕ ਮੇਰਾ ਦੋਸਤ ਹੀ ਨਹੀਂ ਸੀ, ਇਕ ਤਰਾਂ ਮੇਰਾ ਸਕਾ ਭਰਾ ਹੀ ਸਮਝੋ। ਹਰ ਰੋਜ਼ ਸ਼ਾਮ ਨੂੰ ਅਸੀਂ ਕੰਮ ਤੋਂ ਵਿਹਲੇ ਹੋ ਕੇ ਦਰਬਾਰ ਸਾਹਿਬ ਚਲੇ ਜਾਂਦੇ ਗੁਰੂ ਘਰ ਮੱਥਾ ਟੇਕਦੇ, ਪਰਕਰਮਾ ਵਿਚ ਬੈਠ ਕੇ ਕੀਰਤਨ ਸੁਣਦੇ। ਮਨ ਨੂੰ ਸ਼ਾਂਤੀ ਮਿਲਦੀ। ਦਰਬਾਰ ਸਾਹਿਬ ਦੀ ਜਿਆਰਤ ਦਾ ਪ੍ਰੋਗਰਾਮ ਸਾਡਾ ਬਿਨ ਨਾਗਾ ਚਲਦਾ ਸੀ। ਇਕ ਦਿਨ ਵਿਜੇ ਕੁਮਾਰ ਮੈਨੂੰ ਕੰਪਨੀ ਬਾਗ ਹੋ ਰਹੇ ਮੁਸ਼ਾਇਰੇ ਵਿਚ ਲੈ ਗਿਆ। ਮੈਂ ਕਿਹਾ, "ਵਿਜੇ ਕੁਮਾਰ ਕਿਥੇ ਰਾਮ ਰਾਮ, ਕਿਥੇ ਟੈਂ ਟੈਂ।" ਉਹ ਝੱਟ ਮੇਰੇ ਨਾਲ ਦਰਬਾਰ ਸਾਹਿਬ ਜਾਣ ਲਈ ਤਿਆਰ ਹੋ ਗਿਆ। ਮੈਂ ਅਹਿਮਦ ਕੋਲੋਂ ਦੁਪੱਟਿਆਂ ਦਾ ਥਾਨ ਲਿਆ ਤੇ ਵਿਦਾ ਹੋਣ ਕੀ ਇਜਾਜ਼ਤ ਲਈ। ਉਸਨੇ ਮੇਰੀ ਬਾਂਹ ਫੜ ਲਈ ਤੇ ਮੁੜਕੇ ਬੈਂਚ ਤੇ ਬਿਠਾਅ ਲਿਆ। ਬੜੇ ਪਿਆਰ ਅਤੇ ਭਰੇ ਮਨ ਨਾਲ ਕਹਿਣ ਲੱਗਾ, "ਸਰਦਾਰ ਜੀ! ਮੇਰਾ ਇਕ ਕੰਮ ਕਰੋਗੇ?" ਮੈਂ ਅਹਿਮਦ ਨੂੰ ਪੂਰੀ ਤਸੱਲੀ ਨਾਲ ਜੁਆਬ ਦਿੱਤਾ ਕਿ, "ਮੈਂ ਤੇਰੇ ਲਈ ਸਭ ਕੁਝ ਕਰਨ ਲਈ ਤਿਆਰ ਹਾਂ।" ਕਹਿਣ ਲੱਗਾ, "ਸਰਦਾਰ ਜੀ! ਮੇਰਾ ਇਕ ਸੁਨੇਹਾ ਲੈ ਜਾਵੋ, ਮੈਂ ਤੁਹਾਨੂੰ ਜ਼ਿੰਦਗੀ ਭਰ ਨਹੀਂ ਭੁੱਲਾਂਗਾ। ਆਪ ਮੇਰੇ ਦੋਸਤ ਵਿਜੇ ਕੁਮਾਰ ਕੋਲ ਮੇਰਾ ਪਿਆਰ ਭਰਿਆ ਸਲਾਮ ਲੈ ਜਾਵੋ ਤੇ ਉਸਨੂੰ ਪਹੁੰਚਾ ਦੇਣਾ।" ਮੈਂ ਹਾਂ ਵਿਚ ਸਿਰ ਹਿਲਾਇਆ ਪਰ ਉਸ ਵਲ ਵੇਖਕੇ ਮੇਰਾ ਮਨ ਭਰ ਆਇਆ। ਤੁਰਨ ਲੱਗਿਆਂ ਅਸੀਂ ਦੋਵੇਂ ਉਦਾਸ ਸਾਂ। ਅਸੀਂ ਇਕ ਮਿਲਣੀ ਵਿਚ ਕਈ ਮਨੋ-ਭਾਵ ਲੈ ਕੇ ਵਿਛੜ ਰਹੇ ਸਾਂ।

— ਅਨੁਵਾਦ ਕਰਤਾ —

**ਡਾ: ਇਕਬਾਲ ਕੌਰ**

+91 89684-27265


# MORTGAGE

If you are paying more than

**1.30%***

(5 Years VIRM 30 Years Ammortization)

**Call us NOW to Lower your Rate!**

RAJ GILL HAS "NO STRESS MORTGAGE"



**Superior Mortgage**
Unit 244-8138-128 Street, Surrey
**604 507 1000**
Our Symbol of Care & Service

Manulife Reduced 13% Term Rates For Limited Time
www.KaliaFinancial.com

**Kalia** Insurance and Financial Services



Sudesh K. Kalia 604.728.6740 KFinancial@shaw.ca
Individual & Business Life Disability, Critical & Long Care Term Insurance, Supervisa Medical Insurance
Sudesh Kalia 604-728-6740

# ਸ਼ੋਰ ਸਾਈਡ ਫਿਸ਼ ਕੈਨਰੀ



ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ
ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

PHONE: 604-244-1118
FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

# TRANSource FREIGHTWAYS

## Pin to Pin (ਯਾਰਡ ਤੋਂ ਯਾਰਡ)

ਕੰਮ ਲਈ Drivers and Owner Operators ਚਾਹੀਦੇ ਹਨ।

## ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ




## ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

**SUKHBIR SINGH:604-525-0527 Ext 112**

ਸੋਮਵਾਰ ਤੋਂ ਸ਼ੁੱਕਰਵਾਰ ਸਵੇਰ 9 ਵਜੇ ਤੋਂ ਸ਼ਾਮ 5 ਵਜੇ ਤੱਕ

ਸ਼ਨੀਵਾਰ: 604–808–9805

Email:safety@transourcefreightways.com


Practice Social Distancing
Please wear a face mask or face covering before entry
Fruiticana hee jaana!
Your one and only Surrey owned
Punjabi store
ਸਰੀ ਦਾ ਹਰਮਨ ਪਿਆਰਾ ਤੁਹਾਡਾ ਆਪਣਾ ਇਕੋ ਇਕ ਪੰਜਾਬੀ ਸਟੋਰ
LOWEST PRICES IN TOWN
ਸ਼ਹਿਰ ਦੇ ਸੱਭ ਤੋਂ ਘੱਟ ਦਾਮ
Extra Extra Super Special
Golden Temple Flour 20 lbs
ਗੋਲਡਨ ਟੈਂਪਲ ਆਟਾ
$9.98 bag
Extra Super Super Special
Jumbo Cauliflower Size 9
ਵੱਡਾ ਗੋਬੀ ਦਾ ਫੁੱਲ ਸਾਈਜ਼ ੯
$2.99 ea.
Extra Super Super Special
Yellow Onions 50 lbs
ਪੀਲੇ ਗੰਢੇ
$10.99 bag
Super Special
Roma Tomatoes
ਰੋਮਾ ਟਮਾਟਰ
99¢ lb
Super Special
Long Eggplants
ਲੰਬੇ ਬਤਾਊਂ
99¢ lb
Super Special
Desi Karela
ਦੇਸੀ ਕਰੇਲਾ
99¢ lb
Super Special
Indian Eggplants
ਦੇਸੀ ਬਤਾਊਂ
99¢ lb
Super Special
Red Lentil Whole 4 lbs
ਇੰਡੀਕੇਨ ਸਾਬਤ ਮਸਰਾਂ ਦੀ ਦਾਲ
$2.99 bag
Super Special
Almonds Supreme #1
ਬਦਾਮ ਪ੍ਰੀਮੀਅਮ ਸਾਈਜ਼ ੧
$4.49 lb
Cilantro
ਧਣੀਆ
2 bunches for $1.50
Russet Potatoes 10 lbs
ਆਲੂ ਰਸਟ ਸਨੋਬੁਆਏ
$2.99 bag
Long English Cucumber
ਲੰਬੇ ਇੰਗਲਿਸ਼ ਖੀਰੇ
79¢ ea.
Large Seedless Oranges
ਵੱਡੇ ਸੰਗਤਰੇ ( ਬਿਨਾ ਬੀਜ ਤੋਂ )
98¢ lb
Daikon (Mooli)
ਮੂਲੀ
99¢ lb
Fresh Ginger
ਤਾਜ਼ਾ ਅਦਰਕ
$1.59 lb
Roasted Peanuts in Shell
ਭੁੱਜੀ ਮੂੰਗਫਲੀ
$1.99 lb
Spinach
ਪਾਲਕ
$1.59 bunch
Maggi Masala Noodles 280 g
ਮੈਗੀ ਮਸਾਲਾ ਨੂਡਲਸ
2 pkgs. $2.99
Maggi Masala Noodles 70 g
ਮੈਗੀ ਮਸਾਲਾ ਨੂਡਲਸ
35¢ ea.
Indican Almond Oil 1 L
ਇੰਡੀਕੇਨ ਬਦਾਮ ਦਾ ਤੇਲ
$12.99 bottle
Punjabi Cookies New Crunch & Indican 2.2 lbs
ਪੰਜਾਬੀ ਕੁਕੀਜ਼ ਨਵੀਂ ਕ੍ਰੰਚ ਅਤੇ ਇੰਡੀਕੇਨ
$5.99 pkg.
Green Elaichi (Cardamom) S.G
ਹਰੀ ਇਲਾਇਚੀ (ਐੱਸ. ਜੀ)
$18.99 lb
Product images may differ from the actual product.
Fri Feb 04, 2022 - Wed Feb 09, 2022
We reserve the right to limit the quantities while they last
Specials valid for Lower Mainland only
Head Office: 7676 Anvil Way, Surrey
604-502-0005
www.fruiticana.com
fruiticana SINCE 1994
NEW LOCATION NOW OPEN
#160 – 2463 HIGHWAY 97
NORTH KELOWNA
PH: (250) 448-7809
BUSINESS HOURS
9 AM - 8 PM
7 DAYS A WEEK
Newton ---------- 13783 72nd Ave. Surrey ---- 604-590-2080
Newton ---------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ---------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------- 15230 84 Ave. ---------------- 236-317-6272
Surrey ----------- 12990 72nd Ave. ------------ 604-503-5510
Surrey ----------- 12788 76A Ave. Surrey ----- 604-597-1676
Surrey ----------- 16788 64 Ave. ---------------- 604-372-2023
Surrey ----------- 101-7228 192St. ------------- 604-575-3750
New Westminster 101-331 6th St. -------------- 604-395-3595
Abbotsford------ 2785 Bourquin Crescent W. 604-744-0328
Abbotsford ------ 31205 Maclure Rd. ---------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. -------------- 604-321-9931
Richmond------- 4101 No.5 Rd. --------------- 604-244-9520